Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਜੂਨ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਯਾਦ ਵਿਚ 74ਵੇਂ ਮਹਾਨ ਸਲਾਨਾ ਗੁਰਮਤਿ ਸਮਾਗਮ ਨੂੰ ਸਮਰਪਿਤ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

# ਸੰਪਾਦਕੀ... ਵੀਹਵੀਂ ਸਦੀ ਦੇ ਯੁਗ ਪੁਰਸ਼ ਸਨ - ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ



ਸਿੱਖ ਪੰਥ ਦੀ ਸਿਰਮੌਰ ਸ਼ਖ਼ਸੀਅਤ, ਅਧਿਆਤਮਕਤਾ ਦੀ ਸ਼ਿਖ਼ਰ, ਵਿਦਿਅਕ ਦਾਨੀ, ਬੇਦਾਗ਼ ਰਾਜਨੀਤਕ ਨੇਤਾ, ਸ਼ਿਖ਼ਰ ਦੇ ਸਮਾਜ ਸੁਧਾਰਕ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ 2 ਜੂਨ, 1950 ਈ. ਨੂੰ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਕੂਚ ਕਰ ਗਏ ਸਨ। ਸੰਤਾਂ ਦੀ ਸ਼ਖ਼ਸੀਅਤ ਸਬੰਧੀ ਇਸ ਅੰਕ ਵਿਚ ਉੱਚ ਪਾਏ ਦੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ ਜੋ ਕਿ ਉਹਨਾਂ ਪ੍ਰਤੀ ਅਥਾਹ ਸ਼ਰਧਾ ਸਾਹਿਤ ਸ਼ਰਧਾਂਜ਼ਲੀ ਹੈ। ਸੰਤ ਪ੍ਰੇਮ ਸਿੰਘ ਜੀ ਦੇ ਅਕਾਲ ਚਲਾਣੇ ਤੇ ਉਹਨਾਂ ਸਬੰਧੀ ਉਸ ਸਮੇਂ ਲੀਡਰਾਂ ਵਲੋਂ ਜੋ ਵਿਚਾਰ ਪ੍ਰਗਟ ਕੀਤੇ ਗਏ ਉਹਨਾਂ ਦਾ ਸੰਖੇਪ ਵਿਚ ਸਾਰ ਅੰਸ਼ ਇਉਂ ਹੈ -

ਡਾ. ਗੋਪੀ ਚੰਦ ਭਾਰਗਵ, ਮੁੱਖ ਮੰਤਰੀ ਨੇ ਕਿਹਾ : "ਮਹੰਤ ਪ੍ਰੇਮ ਸਿੰਘ ਇਕ ਧਾਰਮਿਕ ਪੁਰਸ਼ ਸਨ, ਜਿਨ੍ਹਾਂ ਨੇ ਕਿ ਪਛੜੀਆਂ ਜਾਤੀਆਂ ਖਾਸ ਕਰਕੇ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਬਹੁਤ ਕੁਝ ਕੀਤਾ। ਉਹ ਇਕ ਸਮਾਜ-ਸੁਧਾਰਕ ਸਨ ਅਤੇ ਉਹਨਾਂ ਨੇ ਕੁਰੀਤੀਆਂ ਨੂੰ ਦੂਰ ਕਰਨ ਦਾ ਪ੍ਰਚਾਰ ਕੀਤਾ। ਇਹ ਗੁਜਰਾਤ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਇਹਨਾਂ ਨੇ ਰਫਿਊਜੀਆਂ ਦੀ ਅਤਿਅੰਤ ਸੇਵਾ ਕੀਤੀ। ਲੁਬਾਣੇ ਜੋ ਕਿ ਪੰਜਾਬ ਵਿਚ ਇਕ ਮਹੱਤਵਪੂਰਨ ਮਾਰਸ਼ਲ ਕਬੀਲਾ ਹਨ, ਇਹਨਾਂ ਨੂੰ ਆਪਣਾ ਧਾਰਮਿਕ ਅਤੇ ਸਿਆਸੀ ਨੇਤਾ ਸਮਝਦੇ ਸਨ। ਸਾਰਾ ਸਿੱਖ ਜਗਤ ਇਹਨਾਂ ਦਾ ਬੜਾ ਆਦਰ ਮਾਨ ਕਰਦਾ ਸੀ।"

ਭੀਮ ਸੈਨ ਸੱਚਰ : "ਮਹੰਤ ਪ੍ਰੇਮ ਸਿੰਘ ਇਕ ਸੁਲਝੇ ਹੋਏ ਪੁਰਸ਼ ਸਨ ਜੋ ਕਿ ਅੱਜ ਸਾਡੇ ਵਿਚ ਨਹੀਂ ਹਨ। ਉਹ ਚੁਪ-ਚਾਪ, ਬਗ਼ੈਰ ਕਿਸੇ ਵਿਖਾਵੇ ਦੇ ਕੰਮ ਕਰਨ ਵਾਲੇ ਸਨ।"

ਸ. ਪ੍ਰਤਾਪ ਸਿੰਘ ਕੈਰੋਂ : "ਮਹੰਤ ਪ੍ਰੇਮ ਸਿੰਘ ਅਸਲ ਵਿਚ ਦੇਵਤਾ ਸਨ। ਉਹ ਘੱਟ ਬੋਲਦੇ ਸਨ, ਪਰ ਉਹਨਾਂ ਦੇ ਦਿਲ ਵਿਚ ਹਰ ਇਕ ਲਈ ਅਥਾਹ ਪਿਆਰ ਸੀ। ਇਹਨਾਂ ਨੇ ਲੁਬਾਣਾ ਬਰਾਦਰੀ ਦੀ ਉੱਨਤੀ ਲਈ ਸੁਘੜ ਸੇਵਾ ਕੀਤੀ ਅਤੇ ਮੇਰੇ ਖਿਆਲ ਵਿਚ ਇਸ ਬਰਾਦਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।"

ਚੌਧਰੀ ਸੂਰਜ ਮੱਲ : "ਮਹੰਤ ਪ੍ਰੇਮ ਸਿੰਘ ਵਰਗੇ ਪੁਰਸ਼ਾਂ ਦਾ ਚਲਾ ਜਾਣਾ ਸਿਰਫ਼ ਇਸ ਅਸੈਂਬਲੀ ਲਈ ਹੀ ਨਹੀਂ ਬਲਕਿ ਸਾਰੇ ਸੂਬੇ ਲਈ ਇਕ ਘਾਟਾ ਹੈ। ਮਹੰਤ ਪ੍ਰੇਮ ਸਿੰਘ ਸਾਡੇ ਇਕ ਪੁਰਾਣੇ ਮਿੱਤਰ ਸਨ। ਉਹ ਇਕ ਐਸਾ ਵਿਅਕਤੀ ਸਨ ਜੋ ਕਿ ਸੂਬੇ ਦੇ ਲੋਕਾਂ ਦੀ ਭਲਾਈ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।"

ਪ੍ਰਿਥਵੀ ਸਿੰਘ ਆਜ਼ਾਦ (ਲੇਬਰ ਮਨਿਸਟਰ) : ਮਹੰਤ ਪ੍ਰੇਮ ਸਿੰਘ ਪਛੜੇ ਵਰਗ ਦੇ ਪ੍ਰਤੀਨਿਧ ਸਨ ਜਿਨ੍ਹਾਂ ਦੀ ਉੱਨਤੀ ਲਈ ਉਹਨਾਂ ਨੇ ਸਹੀ ਕੰਮ ਕੀਤਾ। ਅਸੀਂ ਐਸੇ ਸਿੱਧੇ ਸਾਦੇ ਅਤੇ ਦਿਆਨਤਦਾਰ ਕਾਮੇ ਨੂੰ ਕਦੇ ਵੀ ਭੁਲ ਨਹੀਂ ਸਕਦੇ ਕਿਉਂਕਿ ਉਹਨਾਂ ਦੇ ਜਾਣ ਨਾਲ ਜੋ ਖਲਾਅ ਵਾਪਰਿਆ ਹੈ ਭਰਨਾ ਅਸੰਭਵ ਹੈ।"

ਸ. ਸਵਰਨ ਸਿੰਘ : "ਮਹੰਤ ਪ੍ਰੇਮ ਸਿੰਘ ਜੀ ਉਹ ਪੁਰਸ਼ ਸਨ ਜਿਨ੍ਹਾਂ ਨੇ ਕਿ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਲਈ ਕਾਫ਼ੀ ਕੁਝ ਕੀਤਾ। ਕੋਈ 15-16 ਸਾਲ ਤੱਕ ਉਹ ਇਸ ਮਾਨਯੋਗ-ਘਰ ਦੇ ਮੈਂਬਰ ਰਹੇ। ਇਸ ਅਰਸੇ ਵਿਚ ਉਹਨਾਂ ਨੇ ਦਿਲੋਂ ਹੋ ਕੇ ਉਹਨਾਂ ਦੀ ਵਿਦਿਅਕ ਉੱਨਤੀ ਲਈ ਕੰਮ ਕੀਤਾ ਜਿਨ੍ਹਾਂ ਨੇ ਕਿ ਉਹਨਾਂ ਨੂੰ ਆਪਣਾ ਆਗੂ ਪ੍ਰਵਾਨ ਕੀਤਾ ਸੀ। ਮੈਂ ਆਪ ਵੇਖਿਆ ਹੈ ਕਿ ਕਿਵੇਂ ਇਹਨਾਂ ਦੇ ਸ਼ਿਸ਼ ਇਹਨਾਂ ਦਾ ਆਦਰ-ਮਾਨ ਕਰਦੇ ਸਨ ਅਤੇ ਜਿਨ੍ਹਾਂ ਲਈ ਇਹਨਾਂ ਦਾ ਕਥਨ ਹੁਕਮ ਹੁੰਦਾ ਸੀ ਜੋ ਕਿ ਕਿਸੇ ਦਲੀਲ ਜਾਂ ਨਾਂਹ-ਨੁਕਰ ਤੋਂ ਬਗ਼ੈਰ ਮੰਨਿਆ ਜਾਂਦਾ ਸੀ, ਕਿਉਂਕਿ ਇਹਨਾਂ ਨੇ ਉਹਨਾਂ ਦੀ ਉੱਨਤੀ ਲਈ ਕੋਈ ਉੱਦਮ ਬਾਕੀ ਨਹੀਂ ਸੀ ਰਹਿਣ ਦਿੱਤਾ ਹੋਇਆ। ਉਹਨਾਂ ਨੇ ਮੁੰਡਿਆਂ ਕੁੜੀਆਂ ਲਈ ਕਈ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ। ਇਹਨਾਂ ਦਾ ਖਰਚ ਉਹ ਆਪਣੀ ਜੇਬ ਵਿਚੋਂ ਕਰਦੇ ਸਨ ਜਾਂ ਉਸ ਮਾਇਆ ਵਿਚੋਂ ਜੋ ਕਿ ਇਹਨਾਂ ਕੋਲ ਚੜ੍ਹਾਵੇ ਦੇ ਤੌਰ ਤੇ ਜਮ੍ਹਾਂ ਹੁੰਦੀ ਸੀ। ਲੋਕਾਂ ਨੂੰ ਇਹਨਾਂ ਤੇ ਪੂਰਾ ਵਿਸ਼ਵਾਸ ਸੀ ਅਤੇ ਇਹਨਾਂ ਦੇ ਕਹਿਣ ਤੇ ਲੋਕੀਂ ਝੱਟ ਰੁਪਏ ਦੇਣ ਲਈ ਤਿਆਰ ਹੋ ਜਾਂਦੇ ਸਨ। ਕਿਉਂਕਿ ਉਹ ਜਾਣਦੇ ਸਨ ਕਿ ਇਹਨਾਂ ਨੂੰ ਦਿੱਤੀ ਹੋਈ ਰਕਮ ਚੰਗੇ ਕੰਮਾਂ ਲਈ ਵਰਤੀ ਜਾਏਗੀ। ਐਸੇ ਲੀਡਰ ਦਾ ਘਾਟਾ ਸਿਰਫ਼ ਉਹਨਾਂ ਦੇ ਪੈਰੋਕਾਰਾਂ ਲਈ ਹੀ ਨਹੀਂ ਬਲਕਿ ਸਾਰੀ ਜਨਤਾ ਲਈ ਹੈ।"

ਗਿਆਨੀ ਕਰਤਾਰ ਸਿੰਘ (ਰੈਵਿਨਿਊ ਮਨਿਸਟਰ) : "ਮਹੰਤ ਪ੍ਰੇਮ ਸਿੰਘ, ਸਾਡਾ ਸਾਥੀ ਜੋ ਸਾਡੇ ਕੋਲ ਹੁਣ ਨਹੀਂ ਹੈ, ਵੰਡ ਤੋਂ ਪਹਿਲਾਂ ਗੁਜਰਾਤ ਜ਼ਿਲ੍ਹੇ ਦੇ ਵਾਸੀਆਂ ਲਈ ਇਕ ਤਾਕਤ ਦਾ ਸੋਮਾ ਸੀ। ਆਖਰੀ ਦੰਮ ਤੱਕ ਉਹ ਆਪਣੇ ਜ਼ਿਲ੍ਹੇ ਦੇ ਪੀੜਤਾਂ ਨੂੰ ਮੁੜ ਵਸਾਉਣ ਲਈ ਸਹਾਇਤਾ ਕਰਦੇ ਰਹੇ। ਉਹਨਾਂ ਦੀ ਸਾਰੀ ਉਮਰ ਲੋਕਾਂ ਦੀ ਸੇਵਾ ਕਰਨ ਦੀ ਲਗਨ ਵਿਚ ਕੋਈ ਢਿਲ ਨਹੀਂ ਸੀ ਆਈ। ਖਾਸ ਕਰਕੇ ਧਾਰਮਿਕ ਵਿਅਕਤੀ ਹੋਣ ਕਰਕੇ ਉਹਨਾਂ ਦੀ ਉਮਰ ਦਾ ਚੌਥਾ ਹਿੱਸਾ ਸਮਾਜਿਕ ਕੁਰੀਤੀਆਂ ਦੂਰ ਕਰਨ ਦੇ ਕੰਮ ਵਿਚ ਹੀ ਗੁਜਰਿਆ।"

ਸ. ਉੱਜਲ ਸਿੰਘ : "ਮਹੰਤ ਪ੍ਰੇਮ ਸਿੰਘ ਇਕ ਸਿੱਧੇ-ਸਾਦੇ, ਚੁਪ ਰਹਿਣ ਵਾਲੇ ਪੁਰਸ਼ ਸਨ ਜਿਨ੍ਹਾਂ ਵਿਚ ਲੁਬਾਣਾ ਬਰਾਦਰੀ ਨੂੰ ਬੜਾ ਵਿਸ਼ਵਾਸ ਸੀ। ਭਾਵੇਂ ਉਹ ਅਸੈਂਬਲੀ ਵਿਚ ਕਦੇ ਬੋਲੇ ਨਹੀਂ ਸਨ, ਪਰ ਆਪਣੇ ਉੱਚੇ ਆਚਰਣ ਦੁਆਰਾ ਆਪਣੇ ਸਾਥੀਆਂ ਉੱਪਰ ਕਾਫ਼ੀ ਪ੍ਰਭਾਵਤ ਸਨ। ਅਸੀਂ ਸੂਬੇ ਦੇ ਇਸ ਘਾਟੇ ਲਈ ਬਹੁਤ ਅਫ਼ਸੋਸ ਕਰਦੇ ਹਾਂ।"

ਸ੍ਰੀਮਤੀ ਸੀਤਾ ਦੇਵੀ : "ਮਹੰਤ ਪ੍ਰੇਮ ਸਿੰਘ ਸੱਚਮੁਚ ਦੇਵਤਾ ਸਨ।"

ਸ. ਕਪੂਰ ਸਿੰਘ (ਸਪੀਕਰ) : "ਮਹੰਤ ਪ੍ਰੇਮ ਸਿੰਘ ਜੀ ਦੀ ਅਣਹੋਂਦ ਨੂੰ ਮੈਂ ਬਹੁਤ ਮਹਿਸੂਸ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਆਪਣੇ ਸੇਵਕਾਂ ਲਈ ਬਹੁਤ ਕੁਝ ਕਰ ਰਹੇ ਸਨ। ਮੇਰਾ ਮਤਲਬ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਹੀ ਨਹੀਂ ਬਲਕਿ ਆਪਣੇ ਸਾਰੇ ਹਲਕੇ ਵਾਲਿਆਂ ਲਈ ਵੀ। ਚੋਣਾਂ ਵੇਲੇ ਮੈਂ ਉਹਨਾਂ ਕੋਲੋਂ ਪੁੱਛਿਆ ਕਿ ਉਹ ਚੋਣਾਂ ਲੜਨ ਲਈ ਇੰਨੇ ਚਾਹਵਾਨ ਕਿਉਂ ਹਨ। ਉਹਨਾਂ ਦਾ ਜੁਆਬ ਸੀ : "ਜਦ ਮੈਂ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਏਨਾ ਚਾਹਵਾਨ ਹਾਂ ਤਾਂ ਕਿਉਂ ਨਾ ਮੈਂ ਸਭਨਾਂ ਲੋਕਾਂ ਦੀ ਉੱਨਤੀ ਲਈ ਵੀ ਕੰਮ ਕਰਾਂ।"

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ





**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**

ਹਾੜ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 22-06-2024 (ਸ਼ਨੀਵਾਰ)**
**ਸੰਗਰਾਂਦ - 14-06-2024 (ਸ਼ੁੱਕਰਵਾਰ)**
**ਮੱਸਿਆ - 06-06-2024 (ਵੀਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 132 | ਜੂਨ - 2024



| | | |
|---|---|---|
| 1. | ਸੰਤ ਪ੍ਰੇਮ ਸਿੰਘ ਜੀ ਦੇ ਮੁਰਾਲੇ ਡੇਰੇ ਦਾ ਇਤਿਹਾਸਕ ਪਿਛੋਕੜ | 4 |
| 2. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਮਹਾਨ ਵਿਦਿਆਦਾਨੀ ਅਤੇ ਸਿੱਖੀ ਦੇ ਬੇਜੋੜ ਥੰਮ | 9 |
| 3. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ | 13 |
| 4. | ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ | 14 |
| 5. | ਮਜ਼ਦੂਰਾਂ ਨੂੰ ਆਪ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ | 13 |
| 6. | ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀਆਂ ਸ਼੍ਰੋਮਣੀ ਗੁਰਦੁਆਰਾ... | 16 |
| 7. | ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਲੁਬਾਣਾ ਬਰਾਦਰੀ ਦੇ ਮੁੜ ਵਸੇਬੇ ਲਈ ਭੂਮਿਕਾ | 18 |
| 8. | ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 20 |
| 9. | ਸਾਕਾ ਨੀਲਾ ਤਾਰਾ ਦਿਵਸ 'ਤੇ ਵਿਸ਼ੇਸ਼ | 23 |
| 10. | ਜੀਵਨ ਵਿਕਾਸ – ਇਕ ਸੰਘਰਸ਼ | 30 |
| 11. | ਸੰਪੂਰਨ ਕਿੱਸਾ ਜੱਲ੍ਹੋ ਦਾ ਛੱਲਾ | 31 |
| 12. | ਕੌਮੀ ਕਵੀ ਦੀਵਾਨ ਸਿੰਘ ਮਹਿਰਮ | 32 |
| 13. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 34 |
| 14. | ਅਪਾਹਜ | 35 |
| 15. | ਸਿਹਤ ਸੰਭਾਲ | 36 |
| 16. | ਕਾਵਿ–ਕਿਆਰੀ | 37 |
| 17. | ਸ਼ਬਦਾਂ ਦੇ ਸੰਜੋਗ | 40 |
| 18. | Matrimonial | 41 |
| 19. | ਦਾਨੀ ਸੱਜਣਾਂ ਦੀ ਸੂਚੀ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਸੰਤ ਪ੍ਰੇਮ ਸਿੰਘ ਜੀ ਦੇ ਮੁਰਾਲੇ ਡੇਰੇ ਦਾ ਇਤਿਹਾਸਕ ਪਿਛੋਕੜ



ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਵੀਹਵੀਂ ਸਦੀ ਦੀ ਮਹਾਨ ਸ਼ਖ਼ਸੀਅਤ, ਪੰਥ ਦੇ ਅਸਮੇਧ ਰਤਨ, ਸਿਰਮੌਰ ਅਧਿਆਤਮਕ ਰੂਹ, ਸਮਾਜ ਸੁਧਾਰਕ, ਵਿਦਿਆ ਦਾਨੀ ਅਤੇ ਬੇਦਾਗ਼ ਰਾਜਨੀਤਕ ਲੀਡਰ ਅਤੇ ਵਿਸ਼ੇਸ਼ ਕਰਕੇ ਲੁਬਾਣਾ ਭਾਈਚਾਰੇ ਦੇ ਰਹਿਬਰ ਸੰਤ ਪ੍ਰੇਮ ਸਿੰਘ ਜੀ ਦੀ 2-3 ਜੂਨ ਨੂੰ 68ਵੀਂ ਬਰਸੀ ਹੈ। ਸੰਤ ਪ੍ਰੇਮ ਸਿੰਘ ਜੀ 2 ਜੂਨ, 1950 ਈ. ਨੂੰ ਸਵੇਰੇ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਆਪਣੇ ਨਿਵਾਸ ਸਥਾਨ ਤੇ ਅਕਾਲ ਚਲਾਣਾ ਕਰ ਗਏ ਸਨ। 3 ਜੂਨ, 1950 ਈ. ਨੂੰ ਬੇਗੋਵਾਲ, ਜਿਥੇ ਅੱਜਕਲ੍ਹ ਉਹਨਾਂ ਦੀ ਯਾਦ ਵਿਚ ਸ਼ਾਨਦਾਰ ਗੁਰਦੁਆਰਾ ਸਾਹਿਬ ਹੈ, ਉਥੇ ਅੰਤਿਮ ਸਸਕਾਰ ਕੀਤਾ ਗਿਆ ਸੀ। ਇਸੇ ਕਰਕੇ ਹੀ 2-3 ਜੂਨ ਨੂੰ ਸੰਤਾਂ ਦੀ ਯਾਦ ਵਿਚ ਸਾਲਾਨਾ ਬਰਸੀ ਦੇਸ਼-ਵਿਦੇਸ਼ ਦੀਆਂ ਸਮੂੰਹ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਂਦੀ ਹੈ। ਸੰਤ ਪ੍ਰੇਮ ਸਿੰਘ ਜੀ 2 ਜੂਨ, 1950 ਈ. ਨੂੰ ਅਕਾਲ ਚਲਾਣਾ ਕਰ ਜਾਣ ਨੂੰ 68 ਸਾਲ ਹੋ ਗਏ ਹਨ, ਇਸ ਲਈ ਮੌਜੂਦਾ ਸਮੇਂ ਵਿਚ ਸਿਰਫ਼ 5% ਲੋਕ ਹੀ ਰਹੇ ਹੋਣਗੇ ਜਿਨ੍ਹਾਂ ਨੇ ਸੰਤਾਂ ਦੇ ਸਰੀਰਕ ਰੂਪ ਵਿਚ ਦਰਸ਼ਨ ਕੀਤੇ ਹੋਣਗੇ। 1950 ਈ. ਤੋਂ ਬਾਅਦ ਦੀ ਪੈਦਾਇਸ਼ ਸੰਤ ਪ੍ਰੇਮ ਸਿੰਘ ਜੀ ਦੇ ਵੱਲੋਂ ਕੀਤੇ ਗਏ ਮਹਾਨ ਕਾਰਜਾਂ ਨੂੰ ਮੁੱਖ ਰੱਖ ਕੇ ਹੀ ਯਾਦਗਾਰੀ ਸਮਾਗਮ ਕਰਦੀਆਂ ਹਨ। ਸੰਤ ਪ੍ਰੇਮ ਸਿੰਘ ਜੀ ਇਕ ਬਹੁ-ਪੱਖੀ ਸ਼ਖ਼ਸੀਅਤ ਸਨ ਅਤੇ ਉਹਨਾਂ ਵੱਲੋਂ ਧਾਰਮਿਕ, ਸਮਾਜਕ, ਵਿਦਿਅਕ, ਰਾਜਨੀਤਕ ਖੇਤਰ ਵਿਚ ਕੀਤੇ ਗਏ ਕਾਰਜਾਂ ਨੂੰ ਇਕ ਲੇਖ ਵਿਚ ਸਮੇਟਣਾ ਮੁਮਕਿਨ ਨਹੀਂ।




ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240


ਸੰਤ ਪ੍ਰੇਮ ਸਿੰਘ ਜੀ ਦੇ ਜੀਵਨ ਦੀ ਅਸਲ ਗਾਥਾ ਡੇਰਾ ਮੁਰਾਲਾ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਲਈ ਡੇਰਾ ਮੁਰਾਲਾ ਦਾ ਵਜੂਦ ਅਤੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਤੋਂ ਬਗੈਰ ਸੰਤਾਂ ਦੇ ਜੀਵਨ ਨੂੰ ਵਰਨਣ ਨਹੀਂ ਕੀਤਾ ਜਾ ਸਕਦਾ। ਮੇਰੀ ਇਹ ਲਿਖਤ ਡੇਰਾ ਮੁਰਾਲੇ ਦੀ ਭੂਗੋਲਿਕ, ਇਤਿਹਾਸਕ ਪੱਖ ਤੋਂ ਸੰਪੂਰਨ ਜਾਣਕਾਰੀ ਦੇਣ ਹਿੱਤ ਸਬੰਧੀ ਹੈ।

ਸੰਤ ਪ੍ਰੇਮ ਸਿੰਘ ਜੀ ਦਾ ਜਨਮ ਕੱਤਕ ਦੀ ਸੰਗਰਾਂਦ ਅਕਤੂਬਰ 1882 ਈ. ਨੂੰ ਪਿਤਾ ਵਸਾਵਾ ਸਿੰਘ ਅਤੇ ਮਾਤਾ ਨਿਹਾਲ ਕੌਰ ਦੇ ਗ੍ਰਿਹ ਵਿਖੇ ਪਿੰਡ ਖੋਜ਼ੀ ਦੂਨਾ ਸਿੰਘ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਖੇ ਹੋਇਆ। ਮਾਤਾ ਨਿਹਾਲ ਕੌਰ ਪਿੰਡ ਗਹੋਤ ਪੋਹਕਰ, ਜ਼ਿਲ੍ਹਾ ਗੁਰਦਾਸਪੁਰ ਦੇ ਸ. ਭੋਲਾ ਸਿੰਘ ਦੀ ਸਪੁੱਤਰੀ ਸਨ। ਸੰਤ ਪ੍ਰੇਮ ਸਿੰਘ ਜੀ ਦੇ ਦਾਦਾ ਅਰੂੜ ਸਿੰਘ ਸੰਪੂਰਨ ਗੁਰਸਿੱਖ ਅਤੇ ਨਾਮ ਬਾਣੀ ਨਾਲ ਰਤੇ ਰਹਿਣ ਵਾਲੇ ਉੱਚੀ ਅਵਸਥਾ ਵਾਲੇ ਮਹਾਂਪੁਰਸ਼ ਸਨ। ਦਾਦਾ ਅਰੂੜ ਸਿੰਘ ਜੀ ਨੇ ਮੁੱਖ ਤੌਰ ਤੇ ਆਪਣੇ ਪੋਤਰੇ ਸੰਤ ਪ੍ਰੇਮ ਸਿੰਘ ਦੀ ਪ੍ਰਵਰਿਸ਼ ਕੀਤੀ, ਜਿਸ ਕਰਕੇ ਇਹਨਾਂ ਦਾ ਸੰਤਾਂ ਦੇ ਜੀਵਨ ਸੰਬੰਧੀ ਅਹਿਮ ਰੋਲ ਰਿਹਾ ਹੈ। ਇਹ ਕਿਹਾ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਤਕਰੀਬਨ 1635-1640 ਈ. ਵਿਚ ਕਸ਼ਮੀਰ ਦੀ ਯਾਤਰਾ ਤੋਂ ਵਾਪਿਸ ਗੁਜਰਾਤ (ਪਾਕਿਸਤਾਨ) ਹੁੰਦੇ ਹੋਏ ਆ ਰਹੇ ਸਨ ਤਾਂ ਪਿੰਡ ਬਜ਼ੁਰਗਵਾਲ ਜ਼ਿਲ੍ਹਾ ਗੁਜਰਾਤ ਵਿਖੇ ਵੀ ਗੁਰੂ ਸਾਹਿਬ ਨੇ ਚਰਨ ਪਾਏ ਸਨ। ਇਥੇ ਧਰਮ ਦਾਸ ਜੋ ਕਿ ਗੁਰੂ ਸਾਹਿਬਾਨ ਦਾ ਅਨਿੰਨ ਸ਼ਰਧਾਲੂ ਸੀ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਸਿੱਖੀ ਦੀ ਦਾਤ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸੇ ਧਰਮ ਦਾਸ ਦੀ ਵੰਸ਼ ਵਿਚੋਂ ਬਾਬਾ ਅਰੂੜ ਸਿੰਘ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇਸ ਯਾਤਰਾ ਦੇ ਸੰਬੰਧ ਵਿਚ ਪਿੰਡ ਬਜ਼ੁਰਗਵਾਲ ਵਿਚ ਗੁਰਦੁਆਰਾ ਸਾਹਿਬ ਸੀ, ਜਿਸ ਨੂੰ ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਵੱਲੋਂ 300 ਰੁਪਏ ਸਲਾਨਾ ਜਗੀਰ ਲਾਈ ਹੋਈ ਸੀ। ਗੁਜਰਾਤ ਸ਼ਹਿਰ (ਪਾਕਿਸਤਾਨ) ਵਿਖੇ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਕਾਬਲੀ ਦਰਵਾਜ਼ੇ ਕੋਲ ਗੁਰਦੁਆਰਾ ਸਾਹਿਬ ਸੀ। ਸੰਤ ਪ੍ਰੇਮ ਸਿੰਘ ਜੀ ਦੇ ਪੂਰਵਜਿਆਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਸੀ, ਜਿਸ ਕਰਕੇ ਸੰਗਤਾਂ ਇਹਨਾਂ ਦੇ ਪਰਿਵਾਰ ਨੂੰ 'ਰਾਮਦਾਸ ਜਾਂ ਬਾਵਾ' ਕਹਿ ਕੇ ਸਤਿਕਾਰਦੇ ਸਨ।

ਸੰਤ ਪ੍ਰੇਮ ਸਿੰਘ ਜੀ ਦੀ ਉਮਰ ਅਜੇ ਬਾਰਾਂ ਕੁ ਸਾਲ ਦੀ ਸੀ ਕਿ ਇਹਨਾਂ ਦੇ ਮਾਤਾ ਨਿਹਾਲ ਕੌਰ ਅਕਾਲ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ

ਨੇ ਦੂਸਰੀ ਸ਼ਾਦੀ ਸ. ਮੰਗਲ ਸਿੰਘ ਵਾਸੀ ਪਿੰਡ ਸ਼ਾਮਕੇ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਦੀ ਸਪੁਤਰੀ ਭੋਲੀ ਨਾਲ ਕਰਵਾ ਲਈ। ਬਾਵਾ ਹਰਨਾਮ ਸਿੰਘ ਇਸ ਦੂਸਰੀ ਸ਼ਾਦੀ ਵਿਚੋਂ ਹੀ ਵਸਾਵਾ ਸਿੰਘ ਦੇ ਸਪੁੱਤਰ ਸਨ। ਮਾਤਾ ਨਿਹਾਲ ਕੌਰ ਦੇ ਦੇਹਾਂਤ ਉਪਰੰਤ ਸੰਤ ਪ੍ਰੇਮ ਸਿੰਘ ਜੀ ਦੀ ਸੰਭਾਲ ਅਤੇ ਪਰਵਰਿਸ਼ ਦਾਦਾ ਅਰੂੜ ਸਿੰਘ ਨੇ ਕੀਤੀ। ਕੁਦਰਤ ਦਾ ਅਜੀਬ ਖੇਲ ਕਿ ਸੰਤ ਪ੍ਰੇਮ ਸਿੰਘ ਜੀ ਅਜੇ ਪੰਦਰਾਂ ਕੁ ਸਾਲ ਦੇ ਹੀ ਸਨ ਕਿ ਦਾਦਾ ਅਰੂੜ ਸਿੰਘ ਵੀ ਅਕਾਲ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ ਆਪਣੇ ਗ੍ਰਹਿਸਥੀ ਜੀਵਨ ਅਤੇ ਦੁਨਿਆਵੀ ਕਾਰੋਬਾਰ ਵਿਚ ਵਿਅਸਥ ਸਨ ਅਤੇ ਕਿਹਾ ਜਾਂਦਾ ਹੈ ਕਿ ਮਾਤਾ ਭੋਲੀ ਦਾ ਵਰਤਾਅ ਸੰਤ ਪ੍ਰੇਮ ਸਿੰਘ ਪ੍ਰਤੀ ਚੰਗਾ ਨਹੀਂ ਸੀ। ਅਜਿਹੇ ਕਾਰਨਾਂ ਕਰਕੇ ਪੰਦਰਾਂ ਸਾਲਾਂ ਸੰਤ ਪ੍ਰੇਮ ਸਿੰਘ ਇਕੱਲੇਪਣ ਅਤੇ ਉਪਰਾਮਤਾ ਦੀ ਅਵਸਥਾ ਵਿਚ ਰਹਿਣ ਲੱਗ ਪਏ ਅਤੇ ਅਜਿਹਾ ਕਰਕੇ ਸੰਤ ਪ੍ਰੇਮ ਸਿੰਘ ਜੀ ਦਾ ਬਾਲ ਅਵਸਥਾ ਵਾਲਾ ਸਮਾਂ ਬਹੁਤ ਸੁਖਾਲਾ ਨਹੀਂ ਰਿਹਾ ਸੀ।

**ਮੁਰਾਲੇ ਡੇਰੇ ਪਹੁੰਚਣਾ** - ਸੰਤ ਪ੍ਰੇਮ ਸਿੰਘ ਜੀ ਦੇ ਪਿੰਡ ਖੋੜੀ ਦੂਨਾ ਸਿੰਘ ਤੋਂ ਤਕਰੀਬਨ ਬਾਰਾਂ ਕਿਲੋਮੀਟਰ ਦੀ ਦੂਰੀ ਤੇ ਪਿੰਡ ਮੁਰਾਲਾ ਸਥਿਤ ਸੀ। ਪਿੰਡ ਮੁਰਾਲੇ ਦੇ ਨਜ਼ਦੀਕ ਪਿੰਡ ਬੂਰਿਆਵਾਲੀ ਸੀ ਅਤੇ ਇਥੋਂ ਦੇ ਵਸਨੀਕ ਸ. ਰਾਮ ਸਿੰਘ ਜੋ ਕਿ ਅਰੋੜਾ ਭਾਈਚਾਰੇ ਨਾਲ ਸੰਬੰਧਤ ਸਨ, ਉੱਤਰ ਪ੍ਰਦੇਸ਼ ਵਿਖੇ ਕੱਪੜੇ ਦਾ ਵਪਾਰ ਕਰਦੇ ਸਨ। ਇਹ ਯੂ.ਪੀ. ਦੇ ਪਿੰਡਾਂ ਵਿਚ ਕੱਪੜਾ ਉਧਾਰ ਵੇਚ ਕੇ ਆਉਂਦੇ ਸਨ ਅਤੇ ਹਰ ਛਿਮਾਹੀ ਉਧਾਰ ਦੀ ਵਸੂਲੀ ਕਰਦੇ ਸਨ। ਸ. ਰਾਮ ਸਿੰਘ ਨੂੰ ਇਸ ਕੰਮ ਲਈ ਇਕ ਸਹਾਇਕ ਦੀ ਲੋੜ ਸੀ, ਜੋ ਕਿ ਉਹਨਾਂ ਨਾਲ ਯੂ.ਪੀ. ਜਾ ਕੇ ਵਸੂਲੀ ਕਰ ਸਕੇ ਅਤੇ ਕੱਪੜੇ ਦੀਆਂ ਗੰਢਾਂ ਦੀ ਵੀ ਸੰਭਾਲ ਕਰ ਸਕੇ। ਕੁਦਰਤ ਦਾ ਅਜੀਬ ਖੇਲ ਹੈ ਕਿ ਸ. ਰਾਮ ਸਿੰਘ ਸਹਾਇਕ ਲੱਭਣ ਲਈ ਪਿੰਡ ਖੋੜੀ ਦੂਨਾ ਸਿੰਘ ਆਉਣਾ ਹੋਇਆ ਅਤੇ ਉਹਨਾਂ ਦਾ ਮਿਲਾਪ ਬਾਲਕ ਪ੍ਰੇਮ ਸਿੰਘ ਨਾਲ ਹੋਇਆ। ਭਾਈ ਰਾਮ ਸਿੰਘ ਨੇ ਆਪਣੀ ਗੱਲ ਬਾਲਕ ਪ੍ਰੇਮ ਸਿੰਘ ਨਾਲ ਸਾਂਝੀ ਕੀਤੀ ਕਿ ਉਹਨਾਂ ਨੂੰ ਇਕ ਸਹਾਇਕ ਦੀ ਲੋੜ ਹੈ ਅਤੇ ਬਾਲਕ ਪ੍ਰੇਮ ਸਿੰਘ ਨੇ ਆਪਣੇ ਘਰ ਦੀ ਅਵਸਥਾ ਸ. ਰਾਮ ਸਿੰਘ ਨਾਲ ਸਾਂਝੀ ਕੀਤੀ। ਸੰਤ ਪ੍ਰੇਮ ਸਿੰਘ ਇਸ ਕੰਮ ਲਈ ਸ. ਰਾਮ ਸਿੰਘ ਨਾਲ ਜਾਣ ਨੂੰ ਤਿਆਰ ਹੋ ਗਏ। ਕੁਦਰਤ ਦਾ ਸੰਯੋਗ ਸੀ ਕਿ ਰਾਮ ਸਿੰਘ ਯੂ.ਪੀ. ਜਾਣ ਤੋਂ ਪਹਿਲਾਂ ਬਾਲਕ ਪ੍ਰੇਮ ਸਿੰਘ ਨੂੰ ਨਾਲ ਲੈ ਕੇ ਡੇਰਾ ਮੁਰਾਲਾ ਵਿਖੇ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਹੁੰਚੇ।



ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ

ਇਥੇ ਅਚਾਨਕ ਅਤੇ ਸੰਜੋਗਵਸ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਨੇ ਡੇਰੇ ਤੇ ਪਹੁੰਚਣ ਤੇ ਸੰਤ ਪ੍ਰੇਮ ਸਿੰਘ ਜੀ ਦੇ ਜੀਵਨ ਦੇ ਵਿਆਪਕ ਮੋੜ ਦੀ ਗਾਥਾ ਸ਼ੁਰੂ ਹੁੰਦੀ ਹੈ। ਸੰਤ ਬਿਸ਼ਨ ਸਿੰਘ ਜੀ ਉਸ ਸਮੇਂ ਦੀ ਸਿੱਖ ਪੰਥ ਦੀ ਅਤਿ ਸਤਿਕਾਰਤ ਸ਼ਖ਼ਸੀਅਤ ਸਨ ਅਤੇ ਇਹ ਮਹਾਨ ਵਿਦਵਾਨ ਅਤੇ ਨਾਮ ਸਿਮਰਨ ਦੇ ਅਭਿਆਸ ਦੀ ਸਿਖਰ ਸਨ। ਪਹਿਲੀ ਨਜ਼ਰੇ ਹੀ ਸੰਤ ਬਿਸ਼ਨ ਸਿੰਘ ਜੀ ਨੇ ਬਾਲਕ ਪ੍ਰੇਮ ਸਿੰਘ ਦੀ ਰੂਹ ਅੰਦਰ ਅਜਿਹੀ ਚੇਤਨਾ ਪੈਦਾ ਕੀਤੀ ਕਿ ਉਹਨਾਂ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਅਤੇ ਪੜਾਅ ਮਿਲ ਗਿਆ। ਸੰਤ ਪ੍ਰੇਮ ਸਿੰਘ ਜੀ ਦੇ ਅੰਦਰ ਡੇਰਾ ਮੁਰਾਲੇ ਦੀ ਅਜਿਹੀ ਖਿੱਚ ਪੈਦਾ ਹੋਈ ਕਿ ਉਹਨਾਂ ਸ. ਰਾਮ ਸਿੰਘ ਬੂਰਿਆਵਾਲੀ ਨੂੰ ਆਪਣੇ ਮਨ ਦੀ ਗੱਲ ਦੱਸ ਦਿੱਤੀ ਕਿ ਉਹ ਇਥੇ ਹੀ ਰਹਿਣਾ ਚਾਹੁੰਦੇ ਹਨ। ਸੰਤ ਪ੍ਰੇਮ ਸਿੰਘ ਜੀ ਦੀ ਉਮਰ ਇਸ ਵੇਲੇ ਤਕਰੀਬਨ ਸਤਾਰਾਂ ਕੁ ਸਾਲ ਦੀ ਸੀ ਅਤੇ ਸੰਤ ਬਿਸ਼ਨ ਸਿੰਘ ਜੀ ਨੇ ਇਸ ਬਾਲਕ ਨੂੰ ਆਪਣੇ ਮੁਰਾਲੇ ਡੇਰੇ ਵਿਖੇ ਰਹਿਣ ਦੀ ਆਗਿਆ ਦੇ ਦਿੱਤੀ। ਸੰਤ ਬਿਸ਼ਨ ਸਿੰਘ ਜੀ ਦੀ ਮੁਰਾਲੇ ਡੇਰੇ ਦਾ ਇਤਿਹਾਸਕ ਪਿਛੋਕੜ ਕੀ ਹੈ ਅਤੇ ਇਹ ਡੇਰਾ ਕਿਵੇਂ ਅਤੇ ਕਦੋਂ ਸਥਾਪਤ ਹੋਇਆ, ਇਸ ਸੰਬੰਧੀ ਜੋ ਮੈਂ ਖੋਜ ਕੀਤੀ ਉਸ ਦਾ ਵੇਰਵਾ ਇਤਿਹਾਸਕ ਤੱਥਾਂ ਦੇ ਅਧਾਰ ਤੇ ਸਾਂਝੇ ਕਰ ਰਿਹਾ ਹਾਂ। ਇਸ ਕਾਰਜ ਲਈ ਮੈਨੂੰ ਡੇਰਾ ਮੁਰਾਲੇ ਨਾਲ ਸੰਬੰਧਿਤ ਕਈ ਸਥਾਨਾਂ ਦਾ ਦੌਰਾ ਕਰਨਾ ਪਿਆ ਤਾਂ ਕਿ ਸਹੀ ਤਸਵੀਰ ਪੇਸ਼ ਕੀਤੀ ਜਾ ਸਕੇ।

**ਡੇਰਾ ਮੁਰਾਲਾ** - ਮੁਰਾਲਾ ਪਿੰਡ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਦੀ ਤਹਿਸੀਲ ਖਾਰੀਆ ਵਿਚ ਪੈਂਦਾ ਹੈ ਅਤੇ ਇਹ ਪਿੰਡ ਗੁਜਰਾਤ ਸ਼ਹਿਰ ਤੋਂ ਤਕਰੀਬਨ 36 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਮੁਰਾਲੇ ਤੋਂ ਸੰਤ ਪ੍ਰੇਮ ਸਿੰਘ ਜੀ ਦਾ ਪਿੰਡ ਖੋੜੀ ਦੂਨਾ ਸਿੰਘ ਤਕਰੀਬਨ ਬਾਰਾਂ ਕੁ ਕਿਲੋਮੀਟਰ ਦੀ ਦੂਰੀ ਤੇ ਹੈ। ਜ਼ਿਲ੍ਹਾ ਗੁਜਰਾਤ ਦੀ ਇਸ ਵੇਲੇ ਭੂਗੋਲਿਕ ਸਥਿਤੀ ਇਹ ਹੈ ਇਸ ਦੇ ਇਕ ਪਾਸੇ ਜੰਮੂ ਕਸ਼ਮੀਰ ਦੀ ਸਰਹੱਦ ਹੈ ਅਤੇ ਇਸ ਨਾਲ ਪਾਕਿਸਤਾਨ ਵਿਚਲੇ ਸਿਆਲਕੋਟ, ਗੁਜਰਾਂਵਾਲਾ, ਮੰਡੀ ਬਹਾਉਦੀਨ ਅਤੇ ਜੇਹਲਮ ਜ਼ਿਲ੍ਹਿਆਂ ਦੀਆਂ ਸਰਹੱਦਾਂ ਲੱਗਦੀਆਂ ਹਨ। ਜ਼ਿਲ੍ਹਾ ਗੁਜਰਾਤ ਦਾ ਏਰੀਆ ਦਰਿਆ

ਚਨਾਬ ਅਤੇ ਜੇਹਲਮ ਦੇ ਵਿਚਕਾਰ ਪੈਂਦਾ ਹੈ, ਇਸ ਕਰਕੇ ਇਸ ਨੂੰ ਚੱਜ ਦੁਆਬ ਵੀ ਕਿਹਾ ਜਾਂਦਾ ਹੈ। ਜ਼ਿਲ੍ਹਾ ਗੁਜਰਾਤ ਏਰੀਏ ਦਾ ਬਹੁਤ ਮਹੱਤਵਪੂਰਨ ਇਤਿਹਾਸਕ ਪਿਛੋਕੜ ਰਿਹਾ ਹੈ ਕਿਉਂਕਿ ਇਸੇ ਖੇਤਰ ਵਿਚ ਮਹਾਨ ਸਿਕੰਦਰ ਅਤੇ ਪੋਰਸ ਵਿਚ 326 ਬੀ.ਸੀ. ਨੂੰ ਟਿੱਬਾ ਮੋਮ ਜਗ੍ਹਾ ਦੇ ਨਾਮ ਤੇ ਮਸ਼ਹੂਰ ਲੜਾਈ ਹੋਈ ਸੀ। ਪੰਜਾਬੀ ਦੀ ਪ੍ਰੇਮ ਕਥਾ ਦਾ ਮਸ਼ਹੂਰ ਕਿੱਸਾ ਸੋਹਣੀ ਮਹੀਂਵਾਲ ਦਾ ਵਾਕਿਆ ਵੀ ਇਸੇ ਖੇਤਰ ਦੇ ਚਨਾਬ ਦਰਿਆ ਦੇ ਕੰਢੇ ਤੇ ਹੋਇਆ ਸੀ। ਇਸ ਤੋਂ ਇਲਾਵਾ ਅਜੋਕੇ ਸਮੇਂ ਵਿਚ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਫਜ਼ਲ ਇਲਾਹੀ ਚੌਧਰੀ, ਸਾਬਕਾ ਉਪ-ਰਾਸ਼ਟਰਪਤੀ ਚੌਧਰੀ ਮੁਹੰਮਦ ਜਫਰ ਇਕਬਾਲ, ਸਾਬਕਾ ਪ੍ਰਧਾਨ ਮੰਤਰੀ ਚੌਧਰੀ ਸੁਜਾਤ ਹੁਸੈਨ ਅਤੇ ਸਾਬਕਾ ਪਾਕਿਸਤਾਨ ਦੀ ਆਰਮੀ ਦੇ ਮੁਖੀ ਰਹੀਲ ਸ਼ਰੀਫ ਗੁਜਰਾਤ ਜ਼ਿਲ੍ਹੇ ਨਾਲ ਹੀ ਸੰਬੰਧਿਤ ਹਨ। ਲਹਿੰਦੇ ਪੰਜਾਬ ਦਾ ਮਸ਼ਹੂਰ ਗਾਇਕ ਆਲਮ ਲੁਹਾਰ, ਆਰਿਫ ਲੁਹਾਰ, ਪ੍ਰਸਿੱਧ ਕਵੀ ਫਖ਼ਰ ਜ਼ਮਾਨ ਅਤੇ ਅਨਵਰ ਮਸੂਦ ਵੀ ਜ਼ਿਲ੍ਹਾ ਗੁਜਰਾਤ ਦੇ ਹੀ ਹਨ।

ਆਓ ਹੁਣ ਜਾਣੀਏ ਕਿ ਡੇਰਾ ਮੁਰਾਲਾ ਕਿਵੇਂ ਬਣਿਆ। ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਟਾਂਡਾ ਤੋਂ ਦਸੂਹਾ ਜਾਂਦੀ ਸੜਕ ਤੇ ਟਾਂਡੇ ਤੋਂ ਤਕਰੀਬਨ ਚਾਰ ਕੁ ਕਿਲੋਮੀਟਰ ਦੀ ਦੂਰੀ ਤੇ ਪਿੰਡ ਕੁਰਾਲਾ ਹੈ। ਟਾਂਡੇ ਤੋਂ ਦਸੂਹੇ ਵੱਲ ਜਾਂਦੇ ਪਿੰਡ ਕੁਰਾਲੇ ਵਿਖੇ ਖੱਬੇ ਹੱਥ ਪੈਂਦਾ ਰੇਲਵੇ ਫਾਟਕ ਕਰਾਸ ਕਰਕੇ ਤਕਰੀਬਨ ਇਕ ਕਿਲੋਮੀਟਰ ਦੂਰੀ ਤੇ ਨਿਰਮਲੇ ਸੰਪ੍ਰਦਾਇ ਨਾਲ ਸੰਬੰਧਿਤ ਡੇਰਾ ਅੱਜ ਵੀ ਮੌਜੂਦ ਹੈ ਜਿਸਨੂੰ ਗਿੜਵੜੀ ਵੀ ਕਿਹਾ ਜਾਂਦਾ ਹੈ। ਮੈਂ ਇਸ ਸਥਾਨ ਤੇ ਖੁਦ ਗਿਆ ਅਤੇ ਦੇਖਿਆ ਕਿ ਇਹ ਡੇਰਾ ਤਕਰੀਬਨ ਉਨੀਵੀਂ ਸਦੀ ਦੇ ਸ਼ੁਰੂ ਵਿਚ ਸੰਤ ਗੁਲਾਬ ਸਿੰਘ ਨਿਰਮਲੇ ਵੱਲੋਂ ਬਣਾਇਆ ਗਿਆ ਸੀ। ਸੰਤ ਗੁਲਾਬ ਸਿੰਘ ਇਸ ਡੇਰੇ ਤੋਂ ਤਕਰੀਬਨ ਛੇ ਕਿਲੋਮੀਟਰ ਦੂਰ ਸਥਿਤ ਪਿੰਡ ਚਤੋਵਾਲ ਦੇ ਜੰਮਪਲ ਸਨ। ਨਿਰਮਲੇ ਸੰਪ੍ਰਦਾਇ ਨਾਲ ਸੰਬੰਧਿਤ ਇਤਿਹਾਸ ਵਿਚ ਬਹੁਤ ਹੀ ਮਹਾਨ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਅਤੇ ਪੰਡਿਤ ਸਾਧੂ ਸਿੰਘ ਹੁਰਾਂ ਨੇ ਇਥੇ ਸੰਸਕ੍ਰਿਤ, ਫਾਰਸੀ, ਪੁਰਾਤਨ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਲਈ ਕਈ ਸਾਲ ਸੰਤ ਗੁਲਾਬ ਸਿੰਘ ਨਿਰਮਲੇ ਮਹੰਤ ਕੋਲੋਂ ਵਿੱਦਿਆ ਪ੍ਰਾਪਤ ਕੀਤੀ। ਇਥੇ ਹੀ ਇਕ ਸੰਤ ਅਮੀਰ ਸਿੰਘ ਵੀ ਰਹੇ ਅਤੇ ਉਹਨਾਂ ਨੇ ਵੀ ਇਥੋਂ ਧਾਰਮਿਕ ਵਿਦਿਆ ਗ੍ਰਹਿਣ ਕਰਨ ਉਪਰੰਤ ਧਰਮ ਦੇ ਪ੍ਰਚਾਰ ਲਈ ਕੁਰਾਲੇ ਡੇਰੇ ਤੋਂ ਵੱਖ-ਵੱਖ ਥਾਵਾਂ ਤੇ ਚੱਲਦੇ ਗਏ। ਨਿਰਮਲੇ ਮਹੰਤ ਬਹੁਤ ਵਿਚਾਰਵਾਨ, ਗਿਆਨਵਾਨ, ਸ਼ਾਂਤ ਚਿੱਤ ਰਹਿ ਕੇ ਨਾਮ ਅਭਿਆਸ ਦੇ ਧਾਰਨੀ, ਨਿਰਮਲ ਵਸਤ੍ਰ ਪਹਿਨ ਕੇ ਵੱਖ-ਵੱਖ ਖੇਤਰਾਂ ਵਿਚ ਘੁੰਮਦੇ ਰਹਿੰਦੇ ਸਨ। ਇਵੇਂ ਹੀ ਸੰਤ ਅਮੀਰ ਸਿੰਘ ਜੀ ਕੁਰਾਲਾ ਡੇਰੇ ਤੋਂ ਪ੍ਰਚਾਰ ਕਰਦੇ ਕਰਦੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਤਕਰੀਬਨ ਉਨੀਵੀਂ ਸਦੀ ਅੱਧ ਵਿਚ ਪਿੰਡ ਮੁਰਾਲੇ ਆ ਪਹੁੰਚਦੇ ਹਨ। ਪਿੰਡ ਮੁਰਾਲਾ ਦੀ ਸਿੱਖਾਂ ਅਤੇ ਮੁਸਲਮਾਨਾਂ ਦੀ ਅਬਾਦੀ ਵਾਲਾ ਛੋਟਾ ਜਿਹਾ ਪਿੰਡ ਸੀ ਅਤੇ ਇਸ ਦੇ ਨਾਲ ਲੱਗਦੇ ਪਿੰਡ ਬੂਰਿਆਂਵਾਲੀ, ਧੋਰੀਆ, ਸੰਤਪੁਰਾ ਅਤੇ ਜੰਡਾਵਾਲਾ ਵਿਚ ਵੀ ਸਿੱਖਾਂ ਦੀ ਅਬਾਦੀ ਸੀ। ਮੁਰਾਲੇ ਤੋਂ ਤਕਰੀਬਨ ਵੀਹ ਕਿਲੋਮੀਟਰ ਦੇ ਘੇਰੇ ਅੰਦਰ ਖੋੜੀ ਦੁੱਨਾ ਸਿੰਘ, ਬਜ਼ੁਰਗਵਾਲ, ਭਖੜੇਆਲੀ, ਪੋਰੋਸ਼ਾਹ, ਕੁਆਂਖ ਅਤੇ ਮਹਿਮਸ ਪਿੰਡਾਂ ਦੀ ਅਬਾਦੀ ਲੁਬਾਣਾ ਸਿੱਖਾਂ ਅਤੇ ਮੁਸਲਮਾਨਾਂ ਦੀ ਸੀ। ਸੰਤ ਅਮੀਰ ਸਿੰਘ ਬਹੁਤ ਨਾਮ ਅਭਿਆਸੀ ਅਤੇ ਗਿਆਨਵਾਨ ਹੋਣ ਕਰਕੇ ਹੌਲੀ-ਹੌਲੀ ਸਿੱਖ ਸੰਗਤਾਂ ਦਾ ਇਨ੍ਹਾਂ ਕੋਲ ਆਉਣਾ ਸ਼ੁਰੂ ਹੋ ਗਿਆ। ਸੰਤ ਅਮੀਰ ਸਿੰਘ ਜੀ ਨੇ ਮੁਰਾਲੇ ਪਿੰਡ ਦੇ ਪਹਾੜ ਵਾਲੇ ਪਾਸੇ ਆਪਣਾ ਡੇਰਾ ਲਾਇਆ ਹੋਇਆ ਸੀ ਅਤੇ ਇਹਨਾਂ ਦੇ ਪ੍ਰਵਚਨਾਂ ਅਤੇ ਜੀਵਨ ਜਾਂਚ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਸਨ। ਸੰਗਤ ਦੇ ਜ਼ੋਰ ਦੇਣ 'ਤੇ ਸੰਤ ਅਮੀਰ ਸਿੰਘ ਜੀ ਨੇ ਪੱਕੇ ਤੌਰ ਹੀ ਪਿੰਡ ਮੁਰਾਲਾ ਵਿਖੇ ਆਪਣਾ ਡੇਰਾ ਕਾਇਮ ਕੀਤਾ। ਸੰਤ ਅਮੀਰ ਸਿੰਘ ਨਿਰਮਲੇ ਜੋ ਕਿ ਸੰਤ ਗੁਲਾਬ ਸਿੰਘ ਨਿਰਮਲੇ ਮਹੰਤ ਦੀ ਗਿੜਵੜੀ ਸੰਪ੍ਰਦਾਇ ਨਾਲ ਸੰਬੰਧਿਤ ਸਨ, ਵੱਲੋਂ ਪਿੰਡ ਮੁਰਾਲੇ, ਜ਼ਿਲ੍ਹਾ ਗੁਜਰਾਤ ਵਿਖੇ ਡੇਰਾ ਮੁਰਾਲਾ ਦਾ ਉਨੀਵੀਂ ਸਦੀ ਦੇ ਅੱਧ ਤੋਂ ਬਾਅਦ ਮੁੱਢ ਬੰਨਿਆ। ਸਮੇਂ-ਸਮੇਂ ਸਿਰ ਇਸ ਡੇਰੇ ਵਿਖੇ ਬਹੁਤ ਸਾਰੀਆਂ ਅਜਿਹੀਆਂ ਸ਼ਖ਼ਸੀਅਤਾਂ ਨੇ ਸੇਵਾ ਕੀਤੀ ਅਤੇ ਧਾਰਮਿਕ ਅਧਿਆਤਮਕ, ਗਿਆਨ ਪ੍ਰਾਪਤ ਕਰਕੇ ਸਿੱਖ ਪੰਥ ਦੀ ਮਹਾਨ ਸ਼ਖ਼ਸ਼ੀਅਤ ਅਤੇ ਸਤਿਕਾਰਤ ਸੰਤ ਬਣੇ।

**ਬਾਬਾ ਬਿਸ਼ਨ ਸਿੰਘ ਜੀ ਦਾ ਮੁਰਾਲੇ ਪਹੁੰਚਣਾ** - ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਅਤੇ ਉਚਕੋਟੀ ਦੇ ਵਿਦਵਾਨ ਸੰਤ ਬਿਸ਼ਨ ਸਿੰਘ ਜੀ ਦਾ ਜਨਮ ਪਿੰਡ ਬੋਹਿਥ, ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਖੇ 1852 ਈ. ਨੂੰ ਪਿਤਾ ਲਾਲ ਦੇਵ ਜੀ ਅਤੇ ਮਾਤਾ ਰਤਨਾ ਦੇਵੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਮਾਤਾ ਪਿਤਾ ਸਹਿਜਧਾਰੀ ਪਰਿਵਾਰ ਨਾਲ ਸੰਬੰਧਿਤ ਅਤੇ ਸੰਤ ਬਿਸ਼ਨ ਸਿੰਘ ਜੀ ਬਾਲ ਅਵਸਥਾ ਵਿਚ ਹੀ ਧਾਰਮਿਕ ਬਿਰਤੀ ਰੱਖਦੇ ਸਨ ਜਿਸ ਕਰਕੇ ਉਹਨਾਂ ਛੋਟੀ ਉਮਰੇ ਹੀ ਦੇਸ਼ ਦੇ ਪ੍ਰਸਿੱਧ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ, ਤਰਨਤਾਰਨ ਸਾਹਿਬ, ਪ੍ਰਯਾਗ ਇਲਾਹਾਬਾਦ, ਮਥੁਰਾ, ਬਦਰੀਨਾਥ, ਅਯੋਧਿਆ, ਨਨਕਾਣਾ ਸਾਹਿਬ, ਡੇਰਾ ਸਾਹਿਬ ਲਾਹੌਰ, ਕਰਤਾਰਪੁਰ ਸਾਹਿਬ ਪਾਕਿਸਤਾਨ ਅਤੇ ਕੀਰਤਪੁਰ ਸਾਹਿਬ ਦੀ ਯਾਤਰਾ ਕਰ ਲਈ ਸੀ। ਇਸ ਤੋਂ ਬਾਅਦ ਸੰਤ ਬਿਸ਼ਨ ਸਿੰਘ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤਪਾਨ ਕੀਤਾ। ਸੰਤ ਬਿਸ਼ਨ ਸਿੰਘ ਮੁਰਾਲੇ ਡੇਰੇ ਸੰਤ ਅਮੀਰ ਸਿੰਘ ਦੀ ਸ਼ਰਨ ਵਿਚ ਆ ਗਏ ਅਤੇ ਸੰਤ ਅਮੀਰ ਸਿੰਘ ਜੀ ਨੇ ਇਹਨਾਂ ਨੂੰ ਸੰਸਕ੍ਰਿਤ, ਜੋਗ ਮੱਤ, ਪੁਰਾਣ ਸਿਮ੍ਰਤੀਆ ਅਤੇ ਗੁਰਬਾਣੀ ਵਿਆਕਰਣ ਆਦਿ ਦੀ ਵਿੱਦਿਆ ਲੈਣ ਲਈ ਪੰਡਿਤ ਤਾਰਾ ਸਿੰਘ ਨਰੋਤਮ ਅਤੇ ਪੰਡਿਤ ਸਾਧੂ ਸਿੰਘ ਪਾਸ ਭੇਜਿਆ। ਸੰਤ ਬਿਸ਼ਨ ਸਿੰਘ ਜੀ ਨੇ ਇਹਨਾਂ ਦੋਵੇਂ ਮਹਾਨ ਵਿਦਵਾਨਾਂ ਤੋਂ ਤਕਰੀਬਨ 9 ਸਾਲ ਸਿੱਖਿਆ ਲਈ ਅਤੇ ਪੂਰੀ ਤਰ੍ਹਾਂ ਗਿਆਨਵਾਨ ਅਤੇ ਨਾਮ ਅਭਿਆਸੀ ਹੋ ਕੇ ਡੇਰਾ ਮੁਰਾਲਾ ਵਿਖੇ ਪੱਕੇ ਤੌਰ ਤੇ ਰਹਿਣਾ ਸ਼ੁਰੂ ਕਰ ਦਿੱਤਾ। ਸੰਤ ਬਿਸ਼ਨ ਸਿੰਘ ਜੀ ਦਾ ਮੁਰਾਲੇ ਰਹਿਣ ਕਰਕੇ ਇਹ ਡੇਰਾ ਗੁਰਮਤਿ ਗਿਆਨ ਲਈ, ਕਥਾਕਾਰ, ਪਾਠੀ ਅਤੇ ਕੀਰਤਨੀਏ ਬਣਨ ਲਈ ਸਿਖਿਆਰਥੀਆਂ ਲਈ ਮਸ਼ਹੂਰ ਟਕਸਾਲ ਬਣ ਗਈ ਸੀ। ਉਨੀਵੀਂ ਸਦੀ ਦੇ ਤਕਰੀਬਨ ਅਖੀਰ ਵਿਚ ਸੰਤ ਅਮੀਰ ਸਿੰਘ ਜੀ ਦੇ ਅਕਾਲ ਚਲਾਣਾ ਕਰਕੇ ਸੰਤ ਬਿਸ਼ਨ ਸਿੰਘ ਜੀ ਡੇਰਾ ਮੁਰਾਲੇ ਦੇ ਮੁਖੀ ਬਣੇ। ਇਸ ਤੋਂ ਅੱਗੇ ਸੰਤ ਪ੍ਰੇਮ ਸਿੰਘ ਜੀ ਦਾ ਡੇਰਾ ਮੁਰਾਲੇ ਪਹੁੰਚਣਾ ਅਤੇ ਉਹਨਾਂ ਦੇ ਨਾਲ ਸੰਤ ਭਾਗ ਸਿੰਘ ਠੱਠੇ ਟਿੱਬੇ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲਿਆਂ ਨਾਲ ਡੇਰਾ ਮੁਰਾਲੇ ਪਹੁੰਚ ਕੇ ਸੰਤ ਬਿਸ਼ਨ ਸਿੰਘ ਜੀ ਦੀ ਸੇਵਾ ਜੁਟ ਜਾਣ ਨਾਲ ਇਸ ਡੇਰੇ ਦਾ ਮਹੱਤਵ ਬਹੁਤ ਵੱਧ ਜਾਂਦਾ ਹੈ ਕਿਉਂਕਿ ਬਾਅਦ ਵਿਚ ਇਹ ਤਿੰਨੇ ਸ਼ਖ਼ਸੀਅਤਾਂ ਵੀਹਵੀਂ ਸਦੀ ਵਿਚ ਆਪਣੇ-ਆਪਣੇ ਮਹਾਨ ਕਾਰਜਾਂ ਕਰਕੇ ਸਿੱਖ ਪੰਥ ਦੀਆਂ ਸਿਰਮੌਰ ਸ਼ਖ਼ਸੀਅਤਾਂ ਬਣੀਆਂ ਸਨ।

ਸੰਤ ਭਾਗ ਸਿੰਘ ਜੀ ਠੱਠੇ ਟਿੱਬੇ ਵਾਲੇ ਅਤੇ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਜੀਵਨ ਕਾਲ ਪ੍ਰਤੀ ਪਾਠਕਾਂ ਹਿੱਤ ਸੰਖੇਪ

ਜਿਹਾ ਵਰਨਣ ਕਰਨਾ ਅਹਿਮ ਜ਼ਰੂਰੀ ਹੈ। ਸੰਤ ਭਾਗ ਸਿੰਘ ਜੀ ਦਾ ਜਨਮ 1874 ਈ. ਨੂੰ ਕਪੂਰਥਲਾ ਜ਼ਿਲ੍ਹੇ ਦੇ ਕਸਬਾ ਲੋਹੀਆ ਨਜ਼ਦੀਕ ਪਿੰਡ ਗਿਦੜਪਿੰਡੀ ਵਿਖੇ ਹੋਇਆ ਸੀ। ਮੈਂ ਇਹਨਾਂ ਦੇ ਜਨਮ ਸਥਾਨ ਪਿੰਡ ਗਿੱਦੜਪਿੰਡੀ ਵਿਖੇ ਖੁਦ ਗਿਆ ਸੀ ਪਰ ਇਸ ਵੇਲੇ ਉਹਨਾਂ ਸੰਬੰਧੀ ਕੋਈ ਵੇਰਵਾ ਨਹੀਂ ਮਿਲਦਾ। ਗੁਰਦੁਆਰਾ ਦਮਦਮਾ ਸਾਹਿਬ ਠੱਠੇ ਟਿੱਬੇ ਦੇ ਸੰਤ ਕਰਤਾਰ ਸਿੰਘ ਜੀ ਵੱਲੋਂ ਗਿੱਦੜਪਿੰਡੀ ਦੇ ਬਾਹਰਵਾਰ ਇਕ ਵੱਡਾ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ, ਜਿਸ ਦੇ ਮੈਂ ਦਰਸ਼ਨ ਕੀਤੇ ਹਨ। ਸੰਤ ਭਾਗ ਸਿੰਘ ਜੀ ਦਾ ਨਾਨਕਾ ਪਿੰਡ ਠੱਠਾ ਟਿੱਬਾ ਸੀ ਅਤੇ ਇਸ ਪਿੰਡ ਵਿਖੇ ਭਾਈ ਮਨੀ ਸਿੰਘ ਨਾਲ ਸੰਬੰਧਿਤ ਟਕਸਾਲ ਵੱਲੋਂ ਗੁਰਦੁਆਰਾ ਦਮਦਮਾ ਸਾਹਿਬ ਉਸਾਰਿਆ ਗਿਆ ਹੈ। ਉਸ ਵੇਲੇ ਇਥੇ ਮਹੰਤ ਬਾਬਾ ਖੜਕ ਸਿੰਘ ਜੀ ਬਤੌਰ ਮੁਖੀ ਸੇਵਾ ਕਰਦੇ ਸਨ ਅਤੇ ਸੰਤ ਭਾਗ ਸਿੰਘ ਜੀ ਉਹਨੀਂ ਦਿਨੀਂ ਪੰਜਾਬ ਪੁਲਿਸ ਦੀ ਨੌਕਰੀ ਅੰਮ੍ਰਿਤਸਰ ਕਰਦੇ ਸਨ। ਧਾਰਮਿਕ ਰੁਚੀ ਹੋਣ ਕਰਕੇ ਸੰਤ ਭਾਗ ਸਿੰਘ ਜੀ ਨੇ ਪੰਜਾਬ ਪੁਲਿਸ ਦੀ ਨੌਕਰੀ ਛੱਡ ਦਿੱਤੀ ਅਤੇ ਆਪਣੇ ਨਾਨਕੇ ਪਿੰਡ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਸੰਤ ਖੜਕ ਸਿੰਘ ਜੀ ਦੇ ਸੇਵਾਦਾਰ ਬਣ ਗਏ। ਬਾਬਾ ਖੜਕ ਸਿੰਘ ਜੀ ਨੇ ਸੰਤ ਭਾਗ ਸਿੰਘ ਨੂੰ ਵਧੇਰੇ ਗੁਰਮਤਿ ਵਿਦਿਆ ਅਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਲਈ ਡੇਰਾ ਮੁਰਾਲਾ ਜ਼ਿਲ੍ਹਾ ਗੁਜਰਾਤ ਬਾਬਾ ਬਿਸ਼ਨ ਸਿੰਘ ਜੀ ਕੋਲ ਭੇਜਿਆ। ਡੇਰਾ ਮੁਰਾਲਾ ਵਿਖੇ ਸੰਤ ਪ੍ਰੇਮ ਸਿੰਘ ਜੀ ਪਹਿਲਾਂ ਹੀ ਸੇਵਾ ਕਰ ਰਹੇ ਸਨ ਅਤੇ ਸੰਤ ਭਾਗ ਸਿੰਘ ਜੀ ਦੇ ਪਹੁੰਚਣ ਨਾਲ ਦੋਵਾਂ ਦਾ ਮਿਲਾਪ ਹੋਇਆ।



ਸੰਤ ਭਾਗ ਸਿੰਘ ਜੀ ਦਮਦਮਾ ਸਾਹਿਬ ਠੱਠਾ ਟਿੱਬਾ ਵਾਲੇ (ਜ਼ਿਲ੍ਹਾ ਕਪੂਰਥਲਾ)

ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦਾ ਜਨਮ 1883 ਈ. ਨੂੰ ਪਿੰਡ ਭਿੰਡਰ ਕਲਾ ਜ਼ਿਲ੍ਹਾ ਮੋਗਾ ਵਿਖੇ ਹੋਇਆ। ਇਹਨਾਂ ਦੇ ਪਿਤਾ ਖਜ਼ਾਨ ਸਿੰਘ ਜੀ ਪੂਰਨ ਗੁਰਸਿੱਖ ਅਤੇ ਗੁਰਬਾਣੀ ਦੀ ਡੂੰਘੀ ਸਮਝ ਰੱਖਣ ਵਾਲੀ ਸ਼ਖ਼ਸੀਅਤ ਸਨ। ਅਠਾਰਾਂ ਕੁ ਸਾਲ ਦੀ ਉਮਰ ਤੱਕ ਸੰਤ ਸੁੰਦਰ ਸਿੰਘ ਜੀ ਨੇ ਆਪਣੇ ਪਿਤਾ ਜੀ ਤੋਂ ਗੁਰਮਤਿ ਵਿਦਿਆ ਹਾਸਿਲ ਕੀਤੀ। ਤਕਰੀਬਨ 1902 ਈ. ਵਿਚ ਸੰਤ ਸੁੰਦਰ ਸਿੰਘ ਜੀ ਧਾਰਮਿਕ ਗ੍ਰੰਥਾਂ ਦਾ ਅਧਿਐਨ ਅਤੇ ਗੁਰਮਤਿ ਵਿੱਦਿਆ ਲਈ ਪਿੰਡ ਭਿੰਡਰ ਕਲਾਂ ਤੋਂ ਡੇਰਾ ਮੁਰਾਲਾ ਵਿਖੇ ਸੰਤ ਬਿਸ਼ਨ ਸਿੰਘ ਜੀ ਦੀ ਸ਼ਰਨ ਵਿਚ ਆ ਜਾਂਦੇ ਹਨ। ਇਥੇ ਇਹ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ ਸੰਤ ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਡੇਰਾ ਮੁਰਾਲਾ ਤੋਂ ਗਿਆਨ ਪ੍ਰਾਪਤ ਕਰਨ ਉਪਰੰਤ ਕਰੀਬ 1918 ਈ. ਵਿਚ ਆਪਣੇ ਜੱਦੀ ਪਿੰਡ ਭਿੰਡਰ ਕਲਾਂ ਵਿਖੇ 101 ਅਖੰਡ ਪਾਠ ਆਰੰਭ ਕੀਤੇ, ਜਿਨ੍ਹਾਂ ਦੀ ਸਮਾਪਤੀ ਮਈ 1919 ਈ. ਨੂੰ ਹੋਈ। ਸਮਾਪਤੀ ਸਮੇਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤਾਂ, ਜਿਨ੍ਹਾਂ ਵਿਚੋਂ ਸੰਤ ਪ੍ਰੇਮ ਸਿੰਘ ਮੁਰਾਲੇਵਾਲੇ ਅਤੇ ਸੰਤ ਭਾਗ ਸਿੰਘ ਵੀ ਸਨ, ਨੇ ਉਸ ਸਮੇਂ ਇਥੇ ਟੱਪ ਲਗਾ 'ਗੁਰਦੁਆਰਾ ਅਖੰਡ ਪ੍ਰਕਾਸ਼' ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਅਤੇ ਇਹ ਸਥਾਨ ਸੰਤ ਸੁੰਦਰ ਸਿੰਘ ਜੀ ਦੀ ਵਿਦਵਤਾ ਕਾਰਨ ਗੁਰਮਤਿ ਦੀ ਟਕਸਾਲ ਬਣ ਗਿਆ। ਭਿੰਡਰ ਕਲਾਂ ਮੁਖੀ ਦਾ ਤਖੱਲਸ ਹੌਲੀ-ਹੌਲੀ ਭਿੰਡਰਾਂਵਾਲਾ ਬਣ ਗਿਆ ਅਤੇ ਸੰਤ ਸੁੰਦਰ ਸਿੰਘ ਜੀ ਨੂੰ ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਕਹਿ ਕੇ ਸੰਬੋਧਨ ਕੀਤਾ ਜਾਣ ਲੱਗਾ।

ਮੈਂ ਖੁਦ ਮਈ 2018 ਦੀ ਸੰਗਰਾਂਦ ਜੇਠ ਨੂੰ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰਾਂਵਾਲੇ ਪਿੰਡ ਭਿੰਡਰ ਕਲਾਂ ਦਰਸ਼ਨ ਕਰਨ ਗਿਆ ਸੀ। ਜਲੰਧਰ ਤੋਂ ਵਾਇਆ ਸ਼ਾਹਕੋਟ ਹੁੰਦਿਆਂ ਕਸਬਾ ਧਰਮਕੋਟ ਤੋਂ ਖੱਬੇ ਤਕਰੀਬਨ 12 ਕਿਲੋਮੀਟਰ ਤੇ ਬਹੁਤ ਵੱਡਾ ਪਿੰਡ ਭਿੰਡਰ ਕਲਾਂ ਹੈ। ਇਸ ਪਿੰਡ ਦੇ ਬਾਹਰਵਾਰ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰਾਂਵਾਲੇ ਹੈ ਅਤੇ ਕਾਫੀ ਵੱਡੇ ਖੇਤਰ ਵਿਚ ਫੈਲਿਆ ਸਥਾਨ ਬਹੁਤ ਹੀ ਸੁੰਦਰ ਅਤੇ ਸਵੱਛ ਹੈ। ਇਥੋਂ ਦਾ ਵਾਤਾਵਰਣ ਬੜਾ ਹੀ ਅਧਿਆਤਮਕ ਅਤੇ ਅਲੌਕਿਕ ਨਜ਼ਾਰਾ ਪੇਸ਼ ਕਰਦਾ ਹੈ ਅਤੇ ਇਹ ਧਾਰਮਿਕ ਸਥਾਨ ਅੱਜ ਵੀ ਬਿਲਕੁਲ ਗੈਰ ਰਾਜਨੀਤਕ ਹੈ ਜਿਸ ਕਰਕੇ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਦੇ ਮਿਸ਼ਨ ਅਨੁਸਾਰ ਸਿਰਫ਼ ਗੁਰਮਤਿ ਅਤੇ ਵਿਦਿਅਕ ਖੇਤਰ ਵਿਚ ਮਹਾਨ ਕਾਰਜ ਕਰ ਰਹੇ ਹਨ। ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਦਾ ਵਿਸਥਾਰਪੂਰਵਕ ਵੇਰਵਾ ਦੇਣ ਦਾ ਕਾਰਨ ਇਹ ਹੈ ਕਿ ਸੰਤ ਸੁੰਦਰ ਸਿੰਘ ਜੀ ਦਾ ਅਖੀਰਲੇ ਦਮ 15 ਫਰਵਰੀ 1930 ਈ. ਤੱਕ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਡੇਰੇ ਨਾਲ ਨਾਤਾ ਰਿਹਾ ਸੀ।

ਸੰਤ ਬਿਸ਼ਨ ਸਿੰਘ ਜੀ ਦੇ ਡੇਰਾ ਮੁਰਾਲਾ ਵਿਖੇ ਸੰਤ ਪ੍ਰੇਮ ਸਿੰਘ, ਸੰਤ ਭਾਗ ਸਿੰਘ, ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਕਈ ਸਾਲ ਸੇਵਾ ਕਰਦੇ ਰਹੇ ਅਤੇ ਇਹ ਸਾਰੇ ਮਹਾਂਪੁਰਸ਼ ਨਾਮ ਸਿਮਰਨ ਦੇ ਅਭਿਆਸੀ ਤੋਂ ਇਲਾਵਾ

ਬਹੁਤ ਹੀ ਰਸ ਭਿੰਨਾ ਕੀਰਤਨ ਅਤੇ ਕਥਾ ਕਰਦੇ ਸਨ।

ਸੰਤ ਪ੍ਰੇਮ ਸਿੰਘ ਜੀ ਡੇਰਾ ਮੁਰਾਲਾ ਵਿਖੇ ਪੱਕੇ ਤੌਰ 'ਤੇ ਰਹਿੰਦੇ ਸਨ ਅਤੇ ਉਹ ਹਰ ਵੇਲੇ ਇਸ ਡੇਰੇ ਦੀ ਹਰ ਤਰ੍ਹਾਂ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਸੰਤ ਬਿਸ਼ਨ ਸਿੰਘ ਜੀ ਦੇ ਇਸ ਡੇਰਾ ਮੁਰਾਲਾ ਵਿਖੇ ਦੂਰ-ਦੂਰ ਤੋਂ ਵਿਦਿਆਰਥੀ ਕੀਰਤਨ, ਪਾਠੀ ਸਿੰਘ ਅਤੇ ਹੋਰ ਗੁਰਮਤਿ ਵਿਦਿਆ ਪ੍ਰਾਪਤ ਕਰਨ ਲਈ ਆਉਂਦੇ ਸਨ ਅਤੇ ਇਸ ਡੇਰੇ ਦੇ ਸਮੁੱਚੇ ਪ੍ਰਬੰਧ ਦੀ ਸੇਵਾ ਹਰ ਵੇਲੇ ਸੰਤ ਪ੍ਰੇਮ ਸਿੰਘ ਜੀ ਕਰਿਆ ਕਰਦੇ ਸਨ। ਸੰਤ ਬਿਸ਼ਨ ਸਿੰਘ ਜੀ, ਜੋ ਕਿ ਮਹਾਨ ਵਿਦਵਾਨ ਸਨ, ਨੇ ਸੰਤ ਪ੍ਰੇਮ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਕੀਰਤਨ ਸੰਬੰਧੀ ਸਿਖਲਾਈ ਲੈਣ ਲਈ ਸੰਤ ਉੱਤਮ ਸਿੰਘ ਜੀ ਦੇ ਡੇਰੇ ਸੱਤੋ ਵਾਲੀ ਗਲੀ ਅੰਮ੍ਰਿਤਸਰ ਭੇਜਿਆ। ਸੰਤ ਪ੍ਰੇਮ ਸਿੰਘ ਜੀ ਨੇ ਇਥੇ ਰਹਿ ਕੇ ਗੁਰਮਤਿ ਵਿਦਿਆ, ਕੀਰਤਨ, ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਅਤੇ ਹੋਰ ਗ੍ਰੰਥਾਂ ਦੀ ਅਧਿਐਨ ਕੀਤਾ। ਅੰਮ੍ਰਿਤਸਰ ਦੇ ਇਸ ਡੇਰੇ ਵਿਖੇ ਉਸ ਸਮੇਂ ਦੇ ਗੁਰੂ ਗ੍ਰੰਥ ਸਾਹਿਬ ਜੀ ਦਾ ਬਹੁਤ ਡੂੰਘਾ ਅਧਿਐਨ ਅਤੇ ਗਿਆਨ ਰੱਖਣ ਵਾਲੇ ਸੰਤ ਅਮੀਰ ਸਿੰਘ ਜੀ ਨੇ ਤਕਰੀਬਨ 51 ਸਾਲ ਲਗਾਤਾਰ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਸੰਬੰਧੀ ਸਿੱਖਿਆ ਦਿੱਤੀ ਅਤੇ ਇਨ੍ਹਾਂ ਤੋਂ ਹੀ ਸੰਤ ਪ੍ਰੇਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਬੰਧੀ ਗਿਆਨ ਹਾਸਲ ਕੀਤਾ। ਮੈਂ ਖੁਦ ਸੱਤੋਵਾਲੀ ਗਲੀ ਅੰਮ੍ਰਿਤਸਰ ਵਿਖੇ ਗਿਆ ਹਾਂ ਅਤੇ ਇਸ ਡੇਰੇ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਕੁਝ ਸਮਾਂ ਹਰਿਦੁਆਰ ਵਿਖੇ ਚਲੇ ਗਏ ਅਤੇ ਉਨ੍ਹਾਂ ਨੇ ਉਥੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਬਹੁਤ ਹੀ ਮਸ਼ਹੂਰ ਨਿਰਮਲ ਅਖਾੜਾ ਕਨਖਲ ਹਰਿਦੁਆਰ ਵਿਖੇ ਕਾਫੀ ਸਮਾਂ ਗੁਜਾਰਿਆ ਅਤੇ ਇਥੇ ਰਹਿ ਕੇ ਉਨ੍ਹਾਂ ਨੇ ਨਿਰਮਲੇ ਮਹੰਤਾਂ ਕੋਲੋਂ ਪੁਰਾਣੇ ਧਾਰਮਿਕ ਗ੍ਰੰਥਾਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਫਿਰ ਸੰਤ ਬਿਸ਼ਨ ਸਿੰਘ ਜੀ ਦੇ ਬੁਲਾਵੇ ਉੱਤੇ ਸੰਤ ਪ੍ਰੇਮ ਸਿੰਘ ਜੀ ਵਾਇਆ ਅੰਮ੍ਰਿਤਸਰ ਡੇਰਾ ਸੱਤੋ ਵਾਲੀ ਗਲੀ ਦੇ ਸੰਤ ਉੱਤਮ ਸਿੰਘ ਜੀ ਨੂੰ ਨਾਲ ਲੈ ਕੇ ਡੇਰਾ ਮੁਰਾਲਾ ਪਹੁੰਚੇ। ਇਸ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਲਗਾਤਾਰ ਡੇਰਾ ਮੁਰਾਲਾ ਦੀ ਸੇਵਾ ਵਿਚ ਜੁਟੇ ਰਹੇ।



ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ

ਇਸ ਮੁਰਾਲੇ ਡੇਰੇ ਵਿਖੇ ਹਰ ਸਾਲ 13-14-15 ਭਾਦਰੋਂ (ਅਗਸਤ) ਨੂੰ ਹਰ ਸਾਲ ਸੰਤ ਬਿਸ਼ਨ ਸਿੰਘ ਜੀ ਵੱਲੋਂ ਆਪਣੇ ਪਹਿਲੇ ਮਹਾਂਪੁਰਖ ਸੰਤ ਅਮੀਰ ਸਿੰਘ ਜੀ ਦੀ ਯਾਦ ਵਿਚ ਵੱਡਾ ਮੇਲਾ ਕਰਵਾਇਆ ਜਾਂਦਾ ਸੀ। ਜਿਸ ਵਿਚ ਦੂਰ-ਦੂਰ ਤੋਂ ਸਿੱਖ ਪੰਥ ਦੀਆਂ ਮਹਾਨ ਧਾਰਮਿਕ ਸ਼ਖ਼ਸੀਅਤਾਂ ਪਹੁੰਚਦੀਆਂ ਸਨ।

ਇਸ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਸੰਤ ਭਾਗ ਸਿੰਘ ਜੀ, ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਹਰ ਸਾਲ ਹਾਜ਼ਰੀ ਭਰਦੇ ਸਨ। ਇਸੇ ਤਰ੍ਹਾਂ ਹੀ 1905 ਈ. ਵਿਚ ਜਦ ਇਹ ਮੇਲਾ ਲੱਗਿਆ ਤਾਂ ਸੰਤ ਬਿਸ਼ਨ ਸਿੰਘ ਜੀ ਨੇ ਆਪਣੀ ਬਿਰਧ ਅਵਸਥਾ ਹੋਣ ਕਰਕੇ ਇਸ ਡੇਰੇ ਦੀ ਸਾਂਭ ਸੰਭਾਲ ਸੰਬੰਧੀ ਸੰਤ ਪ੍ਰੇਮ ਸਿੰਘ ਜੀ ਨੂੰ ਜ਼ੁੰਮੇਵਾਰੀ ਸੌਂਪਣ ਦੀ ਗੱਲ ਸੰਤ ਭਾਗ ਸਿੰਘ ਅਤੇ ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨਾਲ ਸਾਂਝੀ ਕੀਤੀ। ਜਿਨ੍ਹਾਂ ਨੇ ਕਿ ਸੰਤ ਪ੍ਰੇਮ ਸਿੰਘ ਜੀ ਦੀ ਨਿਸ਼ਕਾਮ ਸੇਵਾ ਨੂੰ ਦੇਖਦਿਆਂ ਹੋਇਆਂ ਆਪਣੀ ਰਜ਼ਾਮੰਦੀ ਪ੍ਰਗਟਾਈ। ਇਸ ਤਰ੍ਹਾਂ 13-14-15 ਭਾਦਰੋਂ (ਅਗਸਤ) 1905 ਈ. ਨੂੰ ਸੰਤ ਬਿਸ਼ਨ ਸਿੰਘ ਜੀ ਨੇ ਭਰੇ ਮੇਲੇ ਵਿਚ ਬਹੁਤ ਸਾਰੀਆਂ ਧਾਰਮਿਕ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਸੰਤ ਪ੍ਰੇਮ ਸਿੰਘ ਜੀ ਨੂੰ ਡੇਰਾ ਮੁਰਾਲਾ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਸੌਂਪ ਦਿੱਤੀ। ਇਸ ਡੇਰੇ ਦੀ ਗੱਦੀ ਨਸ਼ੀਨੀ ਸਮੇਂ ਸੰਤ ਪ੍ਰੇਮ ਸਿੰਘ ਜੀ ਦੀ ਉਮਰ ਤਕਰੀਬਨ 23 ਸਾਲ ਦੀ ਸੀ ਅਤੇ ਇਨ੍ਹਾਂ ਨੇ ਇਸ ਡੇਰੇ ਦੇ ਉਸਾਰੀ ਲਈ ਆਪਣੇ ਭਰਪੂਰ ਯਤਨ ਕੀਤੇ ਜਿਸ ਕਰਕੇ ਡੇਰੇ ਦੀ ਚਾਰ ਦੀਵਾਰੀ ਅਤੇ ਖੂਬਸੂਰਤ ਗੁਰਦੁਆਰਾ ਸਾਹਿਬ ਦੀ ਇਮਾਰਤ ਮੁਕੰਮਲ ਕੀਤੀ ਗਈ।

1905 ਈ. ਵਿਚ ਸੰਤ ਪ੍ਰੇਮ ਸਿੰਘ ਜੀ ਦੀ ਗੱਦੀ ਨਸ਼ੀਨੀ ਤੋਂ 2 ਸਾਲ ਬਾਅਦ 1907 ਈ. ਵਿਚ ਸੰਤ ਬਿਸ਼ਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਅਤੇ ਇਸ ਉਪਰੰਤ ਡੇਰਾ ਮੁਰਾਲਾ ਦਾ ਸਮੁੱਚਾ ਪ੍ਰਬੰਧ ਸੰਤ ਪ੍ਰੇਮ ਸਿੰਘ ਜੀ ਬਤੌਰ ਮੁੱਖੀ ਹੋਣ ਕਰਕੇ ਧਾਰਮਿਕ ਹਲਕਿਆਂ ਵਿਚ ਇਨ੍ਹਾਂ ਨੂੰ ਮਹੰਤ ਦੀ ਉਪਾਧੀ ਵੀ ਦਿੱਤੀ ਗਈ।

ਡੇਰਾ ਮੁਰਾਲਾ ਦਾ ਆਰੰਭ ਨਿਰਮਲੇ ਸੰਤਾਂ ਮਹੰਤਾਂ ਵੱਲੋਂ ਕੀਤਾ ਗਿਆ ਪਰ ਹੌਲੀ-ਹੌਲੀ ਸੰਤ ਪ੍ਰੇਮ ਸਿੰਘ ਜੀ ਦੀ ਗੱਦੀ ਨਸ਼ੀਨੀ ਉਪਰੰਤ ਇਹ ਡੇਰਾ ਨਿਰੋਲ ਧਾਰਮਿਕ ਟਕਸਾਲ ਵਜੋਂ ਸਥਾਪਿਤ ਹੋ ਗਿਆ। ਸੰਤ ਪ੍ਰੇਮ ਸਿੰਘ ਜੀ ਨੇ ਆਪਣੇ ਆਖਰੀ ਸਮੇਂ 2 ਜੂਨ 1950 ਈ. ਤੱਕ ਡੇਰਾ ਮੁਰਾਲਾ ਤੋਂ ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ, ਵਿਦਿਅਕ ਅਤੇ ਰਾਜਨੀਤਕ ਖੇਤਰ ਵਿਚ ਬਹੁਤ ਅਹਿਮ ਯੋਗਦਾਨ ਪਾਇਆ ਜਿਸ ਦਾ ਵੇਰਵਾ ਅਗਲੇ ਅੰਕ ਵਿਚ ਦਿੱਤਾ ਜਾਵੇਗਾ।

**(ਚੱਲਦਾ)**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

## ਮਹਾਨ ਵਿਦਿਆਦਾਨੀ ਅਤੇ ਸਿੱਖੀ ਦੇ ਬੇਜੋੜ ਥੰਮ



ਮਹਾਨ ਪੁਰਸ਼, ਬਾਲ ਬ੍ਰਹਮਚਾਰੀ, ਰਾਜਯੋਗੀ, ਵਿਦਿਆਦਾਨੀ, ਬ੍ਰਹਮਗਿਆਨੀ ਲੁਬਾਣਾ ਕੌਮ ਦੇ ਮਹਾਨ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਜਨਮ 1939 ਬਿਕਰਮੀ ਸੰਮਤ, ਸੰਨ 1882 ਵਿਚ ਕੱਤਕ ਦੀ ਸੰਗਰਾਂਦ ਵਾਲੇ ਦਿਨ ਮਾਤਾ ਨਿਹਾਲ ਕੌਰ ਦੀ ਕੁਖੋਂ ਪਿਤਾ ਵਸਾਵਾ ਸਿੰਘ ਦੇ ਘਰ ਪਿੰਡ ਖੋੜੀ ਦੂੰਨਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਅਜੇ ਆਪ ਜੀ ਬਹੁਤ ਛੋਟੀ ਆਯੂ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਆਪ ਜੀ ਦੀ ਪਾਲਣਾ ਪੋਸ਼ਣਾ ਮੁੱਖ ਤੌਰ 'ਤੇ ਆਪ ਜੀ ਦੇ ਦਾਦਾ ਸ. ਅਰੁੜ ਸਿੰਘ ਜੀ ਨੇ ਕੀਤੀ। ਦਾਦਾ ਅਰੁੜ ਸਿੰਘ ਖੁਦ ਗੁਰੂ ਘਰ ਦੇ ਅਨਿਨ ਸ਼ਰਧਾਲੂ, ਗੁਰਮਤਿ ਦੇ ਗਿਆਨੀ ਅਤੇ ਗੁਰਬਾਣੀ ਦੇ ਅਭਿਆਸੀ ਸਨ। ਬਾਲਕ ਪ੍ਰੇਮ ਸਿੰਘ ਨੇ ਦਾਦਾ ਅਰੁੜ ਸਿੰਘ ਦੀ ਛਤਰ ਛਾਇਆ ਹੇਠ ਗੁਰਮੁਖੀ ਅਤੇ ਗੁਰਬਾਣੀ ਦੀ ਸੋਝੀ ਪਾਈ। ਬਚਪਨ ਵਿਚ ਹੀ ਸਾਧੂ ਸੁਭਾਅ, ਨਿਰਮਲ ਸੋਚ ਅਤੇ ਗੁਰਬਾਣੀ ਪ੍ਰਤੀ ਲਗਨ ਨੂੰ ਦਾਦਾ ਅਰੁੜ ਸਿੰਘ ਜੀ ਦੀ ਅੱਖ ਨੇ ਪਛਾਣ ਲਿਆ ਅਤੇ ਹਰ ਵੇਲੇ ਲੋਕ ਸੇਵਾ ਤੇ ਗੁਰੂ ਮੱਤ ਦੇ ਧਾਰਨੀ ਬਾਲਕ ਪ੍ਰੇਮ ਸਿੰਘ ਨੂੰ ਮੁਰਾਲੇ ਵਿਖੇ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਛੱਡ ਆਏ।

ਮੁਰਾਲੇ ਪਹੁੰਚ ਕੇ ਬਾਲਕ ਪ੍ਰੇਮ ਸਿੰਘ ਨੂੰ ਉਨ੍ਹਾਂ ਦੀ ਗੁਰੂ ਨਾਮ ਦੀ ਭੁੱਖ ਅਤੇ ਸੰਗਤ ਦੀ ਸੇਵਾ ਕਰਨ ਦੇ ਸੁਭਾਅ ਨੂੰ ਜਿਵੇਂ ਸਭ ਕੁਝ ਹੀ ਪ੍ਰਾਪਤ ਹੋ ਗਿਆ ਹੋਵੇ। ਡੇਰੇ ਵਿਚ ਲੰਗਰ ਤਿਆਰ ਕਰਵਾਉਣਾ, ਜੂਠੇ ਬਰਤਨ ਸਾਫ਼ ਕਰਨੇ, ਸੰਤ ਮਹਾਂਪੁਰਸ਼ਾਂ ਨੂੰ ਇਸ਼ਨਾਨ ਕਰਵਾਉਣਾ ਹਰ ਵੇਲੇ ਨਾਮ ਸਿਮਰਨ ਕਰਨਾ ਹੀ ਉਨ੍ਹਾਂ ਦਾ ਰੋਜ਼ਾਨਾ ਦਾ ਕਾਜ ਵਿਹਾਰ ਬਣ ਗਿਆ ਸੀ। ਸਿਮਰਨ ਕਰਦੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਣਾ ਤੇ ਲੰਗਰ ਲਈ ਆਟਾ ਤਿਆਰ ਕਰਨ ਵਾਲੀ ਚੱਕੀ ਆਪਣੇ ਆਪ ਚਲਦੀ ਜਾਣੀ ਦੇ ਕੌਤਿਕ ਸੰਤ ਬਿਸ਼ਨ ਸਿੰਘ ਜੀ ਨੇ ਆਪ ਤੱਕਣੇ ਅਤੇ ਆਪਣੀ ਬਜ਼ੁਰਗ ਅਵਸਥਾ ਵਿਚ ਡੇਰੇ ਦੀ ਸੇਵਾ ਦਾ ਕਾਰਜ ਬਾਲਕ ਪ੍ਰੇਮ ਸਿੰਘ ਨੂੰ ਸੌਂਪ ਕੇ ਸੰਤ ਪ੍ਰੇਮ ਸਿੰਘ ਬਨਾਉਣਾ, ਪਰਮ ਪਿਤਾ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਸੰਪੂਰਨ ਰੂਪ ਦੇਣਾ ਹੀ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲੇ ਦੀ ਸੇਵਾ ਸੰਭਾਲਦਿਆਂ ਸਿੱਖੀ ਦੀ ਪ੍ਰਫੁੱਲਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਡੇਰੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ ਤੋਂ ਇਲਾਵਾ ਕਈ ਹੋਰ ਮਹਾਂਪੁਰਸ਼ ਆਪ ਜੀ ਦੇ ਗੁਰ ਭਾਈ ਸਨ। ਸੰਤ ਪ੍ਰੇਮ ਸਿੰਘ ਜੀ ਨੇ ਬਹੁਤ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਉਣ ਦਾ ਬੀੜਾ ਉਠਾਇਆ। ਲੁਬਾਣਾ ਬਰਾਦਰੀ ਵਿਚ ਕਈ ਥਾਈਂ ਹੁੱਕਾ ਪੀਣ ਦਾ ਰਿਵਾਜ਼ ਸੀ, ਲੋਕਾਂ ਦਾ ਪਹਿਰਾਵਾ ਗੁਰਸਿੱਖਾਂ ਦੇ ਪਹਿਰਾਵੇ ਤੋਂ ਬਿਲਕੁਲ ਉਲਟ ਸੀ। ਔਰਤਾਂ ਸ਼ਿਕਲੀਗਰ ਔਰਤਾਂ ਵਾਂਗ ਘੱਗਰੇ ਪਾਉਂਦੀਆਂ ਸਨ। ਸੰਤ ਪ੍ਰੇਮ ਸਿੰਘ ਜੀ ਨੇ ਲੁਬਾਣਾ ਬਰਾਦਰੀ ਦੇ ਪਿੰਡਾਂ ਵਿਚ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਇਆ। ਲੋਕਾਂ ਦੇ ਪਹਿਰਾਵੇ ਨੂੰ ਬਦਲਵਾਇਆ। ਜਿਸ ਪਿੰਡ ਵੀ ਜਾਂਦੇ ਅੰਮ੍ਰਿਤ ਤਿਆਰ ਕਰਵਾਇਆ ਜਾਂਦਾ ਅਤੇ ਸੰਤ ਮਹਾਰਾਜ ਦੀ ਪ੍ਰੇਰਨਾ ਸਦਕਾ ਸਾਰੇ ਦਾ ਸਾਰਾ ਨਗਰ ਹੀ ਅੰਮ੍ਰਿਤ ਛਕ ਕੇ ਸਿੱਖੀ ਵਿਚ ਪ੍ਰਵੇਸ਼ ਕਰਦਾ। ਸੰਤ ਮਹਾਰਾਜ ਦੀ ਦੀ ਸਿੱਖੀ ਨੂੰ ਇਹ ਦੇਣ ਦਾ ਕੋਈ ਸਾਨੀ ਨਹੀਂ ਹੈ। ਸਾਰੀ ਦੀ ਸਾਰੀ ਲੁਬਾਣਾ ਬਰਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ। ਸਿੱਖੀ ਅਸੂਲਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾ ਕੇ ਸਮਾਜ ਵਿਚੋਂ ਕੁਰੀਤੀਆਂ ਖਤਮ ਕਰਨ ਦੇ ਯਤਨ ਕਰਕੇ ਸਾਰੀ ਬਰਾਦਰੀ ਨੂੰ ਗੁਰੂ ਆਸ਼ੇ ਅਤੇ ਗੁਰੂ ਮੱਤ ਅਨੁਸਾਰ ਚੱਲਣ ਦੀ ਪ੍ਰੇਰਨਾ ਦੇਣ ਕਾਰਨ ਜੇਕਰ ਸੰਤ ਪ੍ਰੇਮ ਸਿੰਘ ਜੀ ਨੂੰ ਸਿੱਖੀ ਦਾ ਮਹਾਨ ਥੰਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਮਹਾਨ ਪਰਉਪਕਾਰੀ ਸੰਤ ਪ੍ਰੇਮ ਸਿੰਘ ਜੀ ਨੇ ਜਿਥੇ ਲੁਬਾਣਾ ਬਰਾਦਰੀ ਦਾ ਧਾਰਮਿਕ ਅਧਿਆਤਮਕ ਅਤੇ ਸੱਭਿਆਚਾਰਕ ਪੱਧਰ ਉਚਾ ਕੀਤਾ ਉਥੇ ਉਨ੍ਹਾਂ ਨੂੰ ਇਸ ਬਰਾਦਰੀ ਦਾ ਆਰਥਿਕ ਪੱਧਰ ਅਤੇ ਆਉਣ ਵਾਲੇ ਸਮੇਂ ਵਿਚ ਸਮਾਜਿਕ ਰੁੱਤਬਾ ਉਚਾ ਚੁੱਕਣ ਦਾ ਫਿਕਰ ਵੀ ਬਰਾਬਰ ਸੀ। ਸੰਤ ਜੀ ਨੇ ਇਸ ਕਾਰਜ ਲਈ ਕਈ ਪੱਖਾਂ ਤੋਂ ਜ਼ਰੂਰ ਵਿਚਾਰ ਕੀਤਾ ਹੋਵੇਗਾ। ਆਪ ਜੀ ਦੀ ਉਚੀ ਅਧਿਆਤਮਕ ਪੱਧਰ ਦੀ ਸੋਚ, ਸਮਾਜਿਕ ਕਦਰਾਂ ਕੀਮਤਾਂ ਅਤੇ ਦੁਨਿਆਵੀ



ਤਜ਼ਰਬੇ ਤੋਂ ਉਹਨਾਂ ਇਹ ਨਤੀਜਾ ਕੱਢਿਆ ਕਿ ਬਰਾਦਰੀ ਦੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾਈ ਜਾਵੇ। ਵਿੱਦਿਆ ਲਈ ਵਿਦਿਆ ਮੰਦਰ ਖੋਹਲੇ ਜਾਣ ਤਾਂ ਪੜ੍ਹ ਲਿਖ ਕੇ ਆਉਣ ਵਾਲੇ ਸਮੇਂ ਵਿਚ ਬਰਾਦਰੀ ਆਪਣਾ ਆਰਥਿਕ ਤੇ ਸਮਾਜਿਕ ਪੱਧਰ ਆਪਣੇ ਆਪ ਉਚਾ ਕਰ ਲਵੇਗੀ। ਬਹੁਤ ਦੂਰਅੰਦੇਸ਼ੀ ਤੇ ਕਰਾਮਾਤੀ ਸੋਚ ਸੀ। ਸੋਚੋ, ਜੋ ਪੁਰਖ ਆਪ ਕਦੀ ਵੀ ਦੁਨਿਆਵੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਨਹੀਂ ਗਿਆ, ਉਹ ਵੀ ਅੰਗਰੇਜ਼ ਦੇ ਰਾਜ ਭਾਗ ਵਿਚ, ਜਿਸ ਦੀ ਸੋਚ ਨੂੰ ਹਿੰਦੁਸਤਾਨੀਆਂ ਦੀ ਅਕਲੀ ਬਡੋਤਰੀ ਕਿਸੇ ਤਰ੍ਹਾਂ ਵੀ ਰਾਸ ਨਹੀਂ ਆਉਂਦੀ ਸੀ। ਉਸ ਵੇਲੇ ਇਹ ਸੋਚ ਸੋਚਣੀ ਤੇ ਉਸ ਉਤੇ ਠੋਕ ਕੇ ਪਹਿਰਾ ਦੇਣਾ ਅਤੇ ਪੂਰੀ ਕਰਕੇ ਵਿਖਾਉਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੋ ਸਕਦੀ। ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਪਿੰਡਾਂ ਵਿਚ ਹੇਠ ਲਿਖੇ ਅਨੁਸਾਰ ਚਾਰ ਹਾਈ ਸਕੂਲ ਖੋਹਲੇ।

1. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਟਾਂਡਾ ਜ਼ਿਲ੍ਹਾ ਗੁਜਰਾਤ
2. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰਾ
3. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਖੜੀ ਦੂੱਨਾ ਸਿੰਘ ਜ਼ਿਲ੍ਹਾ ਗੁਜਰਾਤ
4. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ

ਦੇਸ਼ ਦੀ ਵੰਡ ਤੋਂ ਬਾਅਦ ਪਹਿਲੇ ਤਿੰਨ ਸਕੂਲ ਕਰਮਵਾਰ ਮਿਆਣੀ ਅਫਗਾਨਾ, ਮੁਕੇਰੀਆਂ ਅਤੇ ਬੇਗੋਵਾਲ ਵਿਚ ਤਬਦੀਲ ਹੋ ਗਏ ਸਨ ਜੋ ਅੱਜ ਵੀ ਬਰਾਦਰੀ ਦੀ ਸੇਵਾ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਮਿਡਲ ਅਤੇ ਪ੍ਰਾਇਮਰੀ ਸਕੂਲ ਵੀ ਖੋਹਲੇ। ਇਹ ਸਕੂਲ ਬਰਾਦਰੀ ਦੇ ਲੋਕਾਂ ਦੇ ਦਾਨ ਨਾਲ ਚਲਦੇ ਸਨ। ਸੰਤ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਦਾਨ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਇਹ ਸਕੂਲ ਅੱਜ ਦੇ ਸੰਤ ਸਾਧਾਂ ਦੇ ਮੁਨਾਫ਼ੇ ਲਈ ਚਲਾਏ ਸਕੂਲਾਂ ਵਾਂਗ ਨਹੀਂ ਸਨ। ਬਰਾਦਰੀ ਦੀ ਨਵੀਂ ਪੀੜ੍ਹੀ ਨੂੰ ਵਿੱਦਿਆ ਦੇ ਕੇ ਸਮੁੱਚੀ ਬਰਾਦਰੀ ਨੂੰ ਉਚਾ ਚੁੱਕਣ ਦੀ ਪਵਿੱਤਰ ਸੋਚ ਨਾਲ ਲਬਰੇਜ ਭਾਵਨਾ ਨਾਲ ਇਹ ਬੀੜਾ ਚੁੱਕਿਆ ਗਿਆ ਸੀ। ਜਿਸ ਦਾ ਬਰਾਦਰੀ ਨੂੰ ਬਹੁਤ ਫਾਇਦਾ ਹੋਇਆ।

ਸਮਾਜ ਨੂੰ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਸੇਧ ਦੇਣ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਸਮੇਤ ਸਮੁੱਚੇ ਸਿੱਖ ਜਗਤ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕਿਆ। ਬਰਾਦਰੀ ਦੇ ਮੁੱਖ ਪਿੰਡਾਂ ਵਿਚ ਵਿਹਾਰ ਸੁਧਾਰ ਕਾਨਫਰੰਸਾਂ ਕੀਤੀਆਂ ਗਈਆਂ। ਵਿਆਹਾਂ ਵਿਚ ਨਜਾਇਜ਼ ਖਰਚੇ, ਬਰਾਤ ਠਹਿਰਨ ਦੇ ਦਿਨਾਂ ਤੇ ਪਾਬੰਦੀ, ਦਹੇਜ ਤੇ ਪਾਬੰਦੀ, ਮਰਨੇ 'ਤੇ ਇਕੱਠ ਕਰਨ ਦੀ ਮਨਾਹੀ ਆਦਿ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਸਿੱਖ ਧਰਮ ਨੂੰ ਵਡਮੁਲੀਆਂ ਦੇਣਾਂ ਦੇਣ ਕਾਰਨ, ਸੰਨ 1936 ਵਿਚ ਆਪ ਜੀ ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਆਪ ਆਪਣੀ ਸਾਰੀ ਜ਼ਿੰਦਗੀ ਸਿੱਖਾਂ ਦੀ ਮਹਾਨ ਸੰਸਥਾ ਦੇ ਮੈਂਬਰ ਰਹੇ। ਕਾਰਜਕਾਰਨੀ ਮੈਂਬਰ ਵੀ ਰਹੇ। ਸਿੱਖ ਰਹਿਤ ਮਰਿਆਦਾ ਕਮੇਟੀ ਦੇ ਵੀ ਆਪ ਮੈਂਬਰ ਸਨ। ਆਪ ਜੀ ਨੇ ਹਰਿਮੰਦਰ ਸਾਹਿਬ ਦੇ ਲਹਿੰਦੇ ਪਾਸੇ ਦੇ ਪੱਖ ਦੀ ਸੇਵਾ ਵੀ ਕਰਵਾਈ। ਡੇਰਾ ਮੁਰਾਲਾ ਸਾਹਿਬ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਇਸ ਸੇਵਾ ਦਾ ਨਿਸ਼ਾਨ ਪੱਥਰ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਰ ਕੀ ਪੌੜੀ ਦੀ ਲਹਿੰਦੇ ਪਾਸੇ ਦੀ ਦੀਵਾਰ ਦੇ ਬਾਹਰਵਾਰ ਲੱਗਾ ਹੋਇਆ ਹੈ।

ਬਰਾਦਰੀ ਦਾ ਕੋਈ ਵੀ ਸ਼ਖ਼ਸ ਜਦ ਉਸ ਨੂੰ ਵੇਖਦਾ ਪੜ੍ਹਦਾ ਹੈ ਤਾਂ ਧੰਨ ਧੰਨ ਸੰਤ ਪ੍ਰੇਮ ਸਿੰਘ ਕਹਿ ਕੇ ਮਾਣ ਜਿਹਾ ਮਹਿਸੂਸ ਕਰਦਾ ਹੈ। ਆਪ ਜੀ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਰਹੇ। ਬਜ਼ੁਰਗ ਦੱਸਦੇ ਹਨ ਕਿ ਵੋਟਾਂ ਵਾਲੇ ਬਕਸਿਆਂ ਵਿਚੋਂ ਵੋਟ ਦੇ ਨਾਲ ਨੱਥੀ ਕੀਤੇ ਨੋਟ ਵੀ ਨਿਕਲਦੇ ਸਨ ਜੋ ਸੰਗਤ ਦੀ ਆਪ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦਾ ਸਬੂਤ ਸੀ। ਬਹੁਤ ਹੀ ਨਿਮਰਤਾ ਅਤੇ ਘੱਟ ਬੋਲਣ ਵਾਲੇ ਸੰਤ ਪ੍ਰੇਮ ਸਿੰਘ ਜੀ ਬੜੀ ਵਿਸ਼ਾਲ ਅਤੇ ਠੋਸ ਸੋਚ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਭਵਿੱਖ ਦੀ ਫ਼ਿਕਰ ਕਰਦੇ ਹੋਏ ਫੈਸਲਾ ਕੀਤਾ ਕਿ ਸਾਰੀ ਬਰਾਦਰੀ ਨੂੰ ਇਕੋ ਇਲਾਕੇ ਵਿਚ ਇਕੱਠਾ ਬਿਠਾਇਆ ਜਾਵੇ। ਸੋਚ ਸਮਾਜਿਕ ਅਤੇ ਰਾਜਨੀਤਕ ਵੀ ਸੀ। ਬਰਾਦਰੀ ਦੇ ਲੋਕਾਂ ਵੱਲੋਂ ਆਪਸੀ ਵਿਆਹ ਸ਼ਾਦੀਆਂ ਦੇ ਰਿਸ਼ਤੇ ਨੇੜੇ ਹੀ ਹੋ ਜਾਣਗੇ। ਦੂਰ-ਦੁਰਾਡੇ ਦੇ ਫਾਲਤੂ ਖਰਚ ਨਹੀਂ ਉਠਾਉਣੇ ਪੈਣਗੇ। ਰਾਜਨੀਤਕ ਪਿੜ ਵਿਚ ਵੀ ਆਪਣਾ ਕੋਈ ਨੁਮਾਇਦਾ ਚੁਣ ਲਿਆ ਕਰਨਗੇ। ਗਿਆਨੀ ਹਰਚਰਨ ਸਿੰਘ ਜੀ ਨੰਗਲ ਲੁਬਾਣੇ ਵਲੋਂ ਜੋ ਸੰਤ ਮਹਾਰਾਜ ਦੇ ਬਹੁਤ ਨਿਕਟਵਰਤੀ ਸਨ, ਦੀ ਸਲਾਹ ਦਾ ਵੀ ਅਸਰ ਸੀ ਕਿ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਜਿੱਥੇ ਲੁਬਾਣਾ ਬਰਾਦਰੀ ਦੇ ਪਹਿਲੇ ਹੀ ਕਾਫੀ ਪਿੰਡ ਹਨ। ਇਸ ਲਈ ਸੰਤ ਮਹਾਰਾਜ ਇਸ ਇਲਾਕੇ ਵਿਚ ਹੀ ਬਰਾਦਰੀ ਨੂੰ ਇਕੱਠੇ ਬਿਠਾਉਣ ਦਾ ਫੈਸਲਾ ਕਰਨ। ਇਲਾਕੇ ਵਿਚੋਂ ਮੁਸਲਮਾਨਾਂ ਦੇ ਕਾਫੀ ਪਿੰਡ ਖਾਲੀ ਹੋ ਰਹੇ ਸਨ। ਸੰਤ ਮਹਾਰਾਜ ਨੇ ਬਰਾਦਰੀ ਨੂੰ ਇਥੇ ਬਿਠਾਉਣ ਦਾ ਫੈਸਲਾ ਕਰ ਲਿਆ। ਸੰਤਾਂ ਨੇ ਖੁਦ ਬੇਗੋਵਾਲ ਡੇਰੇ ਲਾ ਲਏ। ਸਭ ਪਾਸੇ ਇਸ ਇਲਾਕੇ ਵਿਚ ਬੈਠਣ ਦੇ ਸੁਨੇਹੇ ਭੇਜੇ ਗਏ। ਸ. ਈਸ਼ਰ ਸਿੰਘ ਮਢੈਲ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸਨ। ਸੰਤ ਮਹਾਰਾਜ ਨੇ ਉਨ੍ਹਾਂ ਨੂੰ ਕਹਿ ਕੇ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਲਾਕਾ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਵਸਾਉਣ ਲਈ ਰੱਖਵਾ ਲਿਆ। ਸੰਤਾਂ ਦੇ ਸੁਨੇਹੇ ਨੂੰ ਹੁਕਮ ਮੰਨਦੇ ਹੋਏ ਬਰਾਦਰੀ ਦੇ ਲੋਕ ਮੁਕੇਰੀਆਂ ਤੋਂ ਸੁਭਾਨਪੁਰ ਤੱਕ ਦੇ ਪਿੰਡਾਂ ਵਿਚ ਬੈਠਣੇ ਸ਼ੁਰੂ ਹੋ ਗਏ। ਤਹਿਸੀਲ ਭੁਲੱਥ ਅਤੇ ਦਸੂਹਾ ਦਾ ਇਲਾਕਾ ਦਰਿਆ ਬਿਆਸ ਦੀ ਮਾਰ ਹੇਠ ਸੀ, ਜ਼ਮੀਨ ਕੁਝ ਕਲਰਾਠੀ ਦੇ ਕੁਝ ਛੋਟੀਆਂ-ਛੋਟੀਆਂ ਕਿੱਕਰਾਂ ਝਾੜੀਆਂ ਨਾਲ ਭਰੀ ਬੇਅਬਾਦ ਸੀ। ਸੰਗਤਾਂ ਨੇ ਖਦਸ਼ੇ ਵੀ ਜ਼ਾਹਰ ਕੀਤੇ ਪ੍ਰੰਤੂ ਸੰਤ ਮਹਾਰਾਜ ਜੀ ਜਵਾਬ ਵਿਚ ਕਹਿੰਦੇ ਸਨ ਤੁਸੀਂ ਦੇਖਿਓ ਇਹੀ ਜ਼ਮੀਨਾਂ ਸੋਨਾ ਉਗਲਣਗੀਆਂ ਅਤੇ ਇਥੇ ਸੜਕਾਂ ਦੇ ਜਾਲ ਵਿਛਣਗੇ। ਤੁਸੀਂ ਇਥੇ ਹੀ ਬਹੁਤ ਤਰੱਕੀਆਂ ਕਰੋਗੇ। ਸੰਤਾਂ ਉਤੇ ਅਥਾਹ ਭਰੋਸੇ ਨਾਲ ਬਰਾਦਰੀ ਦੇ ਲੋਕਾਂ ਵੱਲੋਂ ਜ਼ਮੀਨਾਂ ਅਬਾਦ ਕਰਨ ਦੀ ਅਣਥੱਕ ਮਿਹਨਤ ਕਰਨ ਕਾਰਨ ਸੰਤ ਮਹਾਰਾਜ ਦੇ ਬੋਲ ਸੱਚ ਹੋਏ।

ਲੁਬਾਣਾ ਬਰਾਦਰੀ ਦੇ ਬਗੀਚੇ ਦਾ ਮਾਲੀ ਜਿਹੜਾ ਇਕ ਇਕ ਪੱਤੇ, ਇਕ ਇਕ ਬੂਟੇ ਤੇ ਡਾਲੀਆਂ ਦੀ ਸਾਰ ਲੈਂਦਾ ਸੀ, ਦਿਨ ਰਾਤ ਹਰ ਵੇਲੇ

ਆਪਣੀ ਬਰਾਦਰੀ ਦੇ ਭਲੇ ਲਈ ਫ਼ਿਕਰਮੰਦ ਰਹਿੰਦਾ ਸੀ। ਜਿਸ ਨੂੰ ਲੁਬਾਣਾ ਬਰਾਦਰੀ ਦਾ ਹਰ ਸਖ਼ਸ਼ ਦੱਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪਣਾ ਰਹਿਬਰ ਅਤੇ ਪੈਗੰਬਰ ਮੰਨਦਾ ਸੀ ਤੇ ਅੱਜ ਵੀ ਮੰਨਦਾ ਹੈ ਅਤੇ ਸਤਿਕਾਰ ਦਿੰਦਾ ਹੈ, ਮਿਤੀ 2 ਜੂਨ 1950 ਨੂੰ ਆਪਣੇ ਪਿਆਰਿਆਂ ਨੂੰ ਵਿਲਕਦੇ ਅਤੇ ਮੁਰਝਾਏ ਛੱਡ ਕੇ ਜਲ ਕਾ ਜਲ ਹੂਆ ਰਾਮ ਵਾਂਗ ਪ੍ਰਮਾਤਮਾ ਨਾਲ ਇਕਮਿਕ ਹੋ ਗਏ। ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਆਪ ਜੀ ਦੀ ਸਲਾਨਾ ਬਰਸੀ ਹਰ ਸਾਲ 1, 2 ਅਤੇ 3 ਜੂਨ ਨੂੰ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸੰਤ ਪ੍ਰੇਮ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਡੇਰੇ ਦੇ ਸ਼ੁਭਚਿੰਤਕਾਂ ਅਤੇ ਨਿਰਮਲ ਭੇਖ ਦੁਆਰਾ ਸੰਤ ਮਹਾਰਾਜ ਦੇ ਸਭ ਤੋਂ ਨਜ਼ਦੀਕੀ ਭਗਤ ਸਰਦਾਰ ਸਿੰਘ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਕਿਉਂ ਜੋ ਭਗਤ ਸਰਦਾਰ ਸਿੰਘ ਲੁਬਾਣਾ ਬਰਾਦਰੀ ਵਿਚੋਂ ਨਹੀਂ ਸਨ ਇਸ ਲਈ ਬਰਾਦਰੀ ਦੇ ਸੱਜਣਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਅਗਲਾ ਮੁਖੀ ਥਾਪਣ ਦੀ ਮੁਹਿੰਮ ਛੇੜੀ। ਕੁਝ ਵਿਰੋਧਤਾ ਬਾਅਦ ਕਾਮਯਾਬੀ ਮਿਲ ਗਈ ਤੇ ਭਗਤ ਸਰਦਾਰ ਸਿੰਘ ਦੀ ਜਗ੍ਹਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ ਗਿਆ। ਬਰਾਦਰੀ ਵੱਲੋਂ ਹੋਲੀ-ਹੋਲੀ ਬਾਵਾ ਹਰਨਾਮ ਸਿੰਘ ਜੀ ਨੂੰ ਡੇਰਾ ਮੁਖੀ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਵੱਲੋਂ ਲੜੀਆਂ ਪੰਜਾਬ ਵਿਧਾਨ ਸਭਾ ਲਈ ਪੰਜ ਚੋਣਾਂ ਵਿਚੋਂ ਦੋ ਵਾਰ ਫਤਹਿ ਦਿਵਾਈ। ਬਾਵਾ ਜੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ 1969-70 ਵਾਲੀ ਸਰਕਾਰ ਵਿਚ ਜੰਗਲਾਤ ਰਾਜ ਮੰਤਰੀ ਵੀ ਰਹੇ। ਸੰਤ ਪ੍ਰੇਮ ਸਿੰਘ ਜੀ ਦੀ ਸਾਰੀ ਜ਼ਮੀਨੀ ਜਾਇਦਾਦ ਅਤੇ ਬੈਂਕ ਵਿਚ ਪਈ ਨਕਦੀ, ਸੰਤਾਂ ਦੇ ਨਾਮ ਨਾਲ ਵਲਦੀਅਤ ਲਿਖੀ ਹੋਣ ਕਾਰਨ ਅਦਾਲਤ ਰਾਹੀਂ ਬਾਵਾ ਹਰਨਾਮ ਸਿੰਘ ਨੂੰ ਮਿਲ ਗਈ। ਸੰਤ ਮਹਾਰਾਜ ਦੀ ਸੰਸਕਾਰ ਸਥਾਨ 'ਤੇ ਬਣੀ ਯਾਦਗਾਰ ਬੜੀ ਛੋਟੀ ਅਤੇ ਬਾਲਿਆਂ ਦੀ ਛੱਤ ਵਾਲੀ ਸੀ। ਬਰਾਦਰੀ ਦੇ ਹਰ ਇਕੱਠ ਅਤੇ ਸੰਤਾਂ ਦੀ ਬਰਸੀ ਮੌਕੇ ਬਰਾਦਰੀ ਦੇ ਸਿਰਕੱਢ ਸੱਜਣਾਂ ਅਤੇ ਆਮ ਸੰਗਤਾਂ ਵਿਚ ਸੰਤਾਂ ਦੀ ਯਾਦਗਾਰ ਉਨ੍ਹਾਂ ਦੇ ਕੱਦ ਬੁੱਤ ਦੇ ਬਰਾਬਰ ਦੀ ਨਾ ਹੋਣ ਦੀ ਗੱਲ ਵੀ ਛਿੜਦੀ। ਬਰਾਦਰੀ ਦੇ ਮੋਹਤਬਰ ਸੱਜਣਾਂ ਨੇ ਕਈ ਵਾਰ ਬਾਵਾ ਜੀ ਪਾਸ ਸੰਤਾਂ ਦੀ ਯਾਦਗਾਰ ਨੂੰ ਸੁੰਦਰ ਅਤੇ ਵੱਡੀ ਬਨਾਉਣ ਦੀ ਮੰਗ ਵੀ ਰੱਖੀ ਪ੍ਰੰਤੂ ਕਿਸੇ ਵੀ ਕਾਰਨਾਂ ਵੱਸ ਬਾਵਾ ਹਰਨਾਮ ਸਿੰਘ ਜੀ ਇਸ ਅਸਥਾਨ ਨੂੰ ਸੁੰਦਰ ਅਤੇ ਵੱਡਾ ਕਰਨ ਦਾ ਫੈਸਲਾ ਨਾ ਲੈ ਸਕੇ। ਸੰਨ 1980 ਈ. ਵਿਚ ਬਾਵਾ ਜੀ ਦੀ ਮੌਤ ਹੋ ਗਈ। ਬਾਵਾ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਅਤੇ ਬਾਵਾ ਚਰਨਜੀਤ ਸਿੰਘ ਸਨ। ਬਾਵਾ ਹਰਨਾਮ ਸਿੰਘ ਜੀ ਦੇ ਭੋਗ ਤੇ ਬਰਾਦਰੀ ਦੇ ਮੋਹਤਬਰ ਸੱਜਣਾਂ ਅਤੇ ਪਰਿਵਾਰ ਦੀ ਸਹਿਮਤੀ ਨਾਲ ਬਾਵਾ ਵਰਿੰਦਰ ਸਿੰਘ ਨੂੰ ਡੇਰਾ ਮੁਖੀ ਦੀ ਪੱਗ ਬਨਵਾਈ ਗਈ ਅਤੇ ਬਾਵਾ ਚਰਨਜੀਤ ਸਿੰਘ ਨੂੰ ਬਾਵਾ ਜੀ ਦੀ ਸਿਆਸਤ ਅਤੇ ਸਕੂਲਾਂ ਆਦਿ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਬਾਵਾ ਜੀ ਦੇ ਜੀਵਨ ਕਾਲ ਵਿਚ ਹੀ ਦੋਨੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਗਈਆਂ ਸਨ। ਬਾਵਾ ਚਰਨਜੀਤ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਸਪੁੱਤਰੀ ਸ. ਗਿਰਧਾਰਾ ਸਿੰਘ ਵਾਸੀ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਨਾਲ ਸਾਲ 1979 ਵਿਚ ਹੋਈ। ਬੀਬੀ ਜਗੀਰ ਕੌਰ ਜੀ ਉਸ ਵੇਲੇ ਸਰਕਾਰੀ ਗਰਲਜ ਸਕੂਲ ਬੇਗੋਵਾਲ ਵਿਚ ਹਿਸਾਬ ਦੇ ਵਿਸ਼ੇ ਦੇ ਅਧਿਆਪਕ ਸਨ। ਆਪ ਜੀ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਜ਼ਿੰਦਗੀ ਆਪਣੀ ਰਫ਼ਤਾਰ ਨਾਲ ਬੜੀ ਸੋਹਣੀ ਚਲ ਰਹੀ ਸੀ ਕਿ ਅਚਾਨਕ ਬਾਵਾ ਚਰਨਜੀਤ ਸਿੰਘ ਨੂੰ ਸਿਰ ਵਿਚ ਦਰਦ ਰਹਿਣ ਲੱਗ ਪਿਆ। ਟੈਸਟ ਹੋਣ ਤੇ ਪਤਾ ਚੱਲਿਆ ਕਿ ਸਿਰ ਵਿਚ ਦਿਮਾਗ਼ ਦੇ ਨਜ਼ਦੀਕ ਰਸੌਲੀ ਹੈ। ਬੜਾ ਇਲਾਜ ਹੋਇਆ। ਬਾਵਾ ਚਰਨਜੀਤ ਸਿੰਘ ਵੱਲੋਂ ਸਕੂਲਾਂ ਦੇ ਪ੍ਰਬੰਧ ਚਲਾਉਂਦਿਆਂ ਉਨ੍ਹਾਂ ਦੀ ਨੇੜਤਾ ਮਾਸਟਰ ਬਲਵੀਰ ਸਿੰਘ ਜੋ ਕਿ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਵਿਚ ਹੀ ਸਰੀਰਕ ਸਿੱਖਿਆ ਅਧਿਆਪਕ ਸੀ, ਨਾਲ ਦੋਸਤਾਂ ਵਾਂਗ ਬਣ ਗਈ। ਸਕੂਲ ਨਾਲ ਸੰਬੰਧਤ ਸਾਰੇ ਕੰਮਾਂ ਵਿਚ ਮਾਸਟਰ ਬਲਬੀਰ ਸਿੰਘ ਬਾਵਾ ਚਰਨਜੀਤ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਅਤੇ ਉਨ੍ਹਾਂ ਦੀ ਬੀਮਾਰੀ ਵੇਲੇ ਵੀ ਹਰ ਤਰ੍ਹਾਂ ਦੇ ਇਲਾਜ ਲਈ ਦੂਰ-ਦੁਰਾਡੇ ਤੱਕ ਪਰਿਵਾਰ ਦੇ ਨਾਲ ਰਿਹਾ। ਬਾਵਾ ਚਰਨਜੀਤ ਸਿੰਘ ਬੀਮਾਰੀ ਤੋਂ ਜਿੱਤ ਨਾ ਸਕੇ ਅਤੇ 1983 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਬਾਵਾ ਚਰਨਜੀਤ ਸਿੰਘ ਜੀ ਦੇ ਭੋਗ ਤੇ ਬੀਬੀ ਜਗੀਰ ਕੌਰ ਜੀ ਨੂੰ ਬਾਵਾ ਚਰਨਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਦਾ ਮੁਖੀ ਥਾਪ ਦਿੱਤਾ। ਬੀਬੀ ਜੀ ਨੇ ਆਪਣੀ ਸਰਕਾਰੀ ਨੌਕਰੀ ਜਾਰੀ ਰੱਖੀ। ਸਮੁੱਚੀ ਬਰਾਦਰੀ ਅਤੇ ਬਰਾਦਰੀ ਦੇ ਮੋਹਤਬਰ ਸੱਜਣ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਜਿੱਡੀ ਵੱਡੀ ਅਤੇ ਸੁੰਦਰ ਬਣੇ। ਉਨ੍ਹਾਂ ਨੇ ਇਹ ਮੰਗ ਡੇਰਾ ਮੁਖੀ ਦੀ ਗੱਦੀ ਤੇ ਬੈਠੇ ਬਾਵਾ ਵਰਿੰਦਰ ਸਿੰਘ ਪਾਸ ਰੱਖਣੀ ਸ਼ੁਰੂ ਕਰ ਦਿੱਤੀ। ਬਾਵਾ ਵਰਿੰਦਰ ਸਿੰਘ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜੋ ਮੰਗ ਮੇਰੇ ਪਿਤਾ ਬਾਵਾ ਹਰਨਾਮ ਸਿੰਘ ਜੀ ਨੇ ਨਹੀਂ ਮੰਨੀ ਸੀ ਉਸ ਨਾਲ ਮੈਂ ਵੀ ਸਹਿਮਤ ਨਹੀਂ ਹੋ ਸਕਦਾ। ਲੋਕ ਨਿਰਾਸ਼ ਸਨ, ਮੰਨ ਵਿਚ ਜੋਸ਼ ਸੀ ਕਿ ਯਾਦਗਾਰ ਨੂੰ ਵੱਡੀ ਕਰਨ ਵਾਲੀ ਜਗ੍ਹਾ ਜੋ ਅਸੀਂ ਮੰਗ ਰਹੇ ਹਾਂ ਉਹ ਤਾਂ ਸੰਤ ਪ੍ਰੇਮ ਸਿੰਘ ਜੀ ਦੀ ਵਿਰਾਸਤ ਵਿਚ ਲਈ ਗਈ ਜ਼ਮੀਨ ਵਿਚੋਂ ਮੰਗ ਰਹੇ ਹਾਂ। ਯਾਦਗਾਰ ਵੱਡੀ ਹੋਣ ਤੇ ਸ਼ਰਧਾ ਨਾਲ ਜੋ ਚੜ੍ਹਾਵਾ ਅਤੇ ਆਮਦਨ ਵਗੈਰਾ ਵੱਧਣੀ ਹੈ ਉਹ ਤਾਂ ਇਨ੍ਹਾਂ ਨੇ ਹੀ ਲੈਣੀ ਹੈ। ਬਰਾਦਰੀ ਦੇ ਲੋਕਾਂ ਨੂੰ ਆਮਦਨੀ ਦਾ ਹਿਸਾਬ ਲੈਣ ਦੀ ਕੋਈ ਜ਼ਰੂਰਤ ਨਹੀਂ ਸਿਰਫ਼ ਮੰਨ ਵਿਚਲੀ ਵੱਡੀ ਸ਼ਰਧਾ ਅਨੁਸਾਰ ਵੱਡੀ ਯਾਦਗਾਰ ਬਣ ਜਾਵੇ। ਸਾਰਾ ਪ੍ਰਬੰਧ ਇਹ ਆਪ ਹੀ ਚਲਾਉਣ। ਬਾਵਾ ਵਰਿੰਦਰ ਸਿੰਘ ਦੇ ਨਾਂਹ ਕਰਨ 'ਤੇ ਬਰਾਦਰੀ ਦੇ ਮੋਹਤਬਰ ਅਤੇ ਆਮ ਸੰਗਤ ਬੜੀ ਨਿਰਾਸ਼ ਹੋ ਗਈ। ਡੇਰੇ ਵਿਚ ਲੋਕਾਂ ਦਾ ਆਉਣ ਜਾਣ ਘੱਟ ਗਿਆ। ਲੰਗਰ ਦੀ ਪ੍ਰਥਾ ਬੰਦ ਹੋ ਗਈ। ਇੰਜ ਲੱਗਦਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਮਨ੍ਹਾਂ ਵਿਚ ਵਸਾ ਕੇ ਆਪਣੀ ਘਰ ਦੀ ਚਾਰ ਦੀਵਾਰੀ ਵਿਚ ਹੀ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਪਿਆਰ ਨੂੰ ਸੀਮਤ ਕਰ ਲਿਆ ਸੀ। ਡੇਰਾ ਸਿਰਫ਼ ਬਾਵਿਆਂ ਦਾ ਘਰ 'ਕੋਠੀ' ਹੀ ਰਹਿ ਗਿਆ ਸੀ।

ਮਾਸਟਰ ਬਲਬੀਰ ਸਿੰਘ, ਜੋ ਬਾਅਦ ਵਿਚ ਡੇਰੇ ਦੇ ਮੈਨੇਜਰ ਵੀ ਰਹੇ ਬੜੀ ਤੀਖਣ ਸਿਆਸੀ ਬੁੱਧੀ, ਲੰਬੀ ਦੂਰਦਰਸ਼ੀ ਸੋਚ ਅਤੇ ਵਧੀਆ ਵਿਉਂਤਬੰਦੀ ਵਾਲਾ ਦਿਮਾਗ਼ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬਰਾਦਰੀ ਦੇ ਲੋਕਾਂ ਦੇ ਦਿਲਾਂ ਅੰਦਰ ਸੰਤ ਪ੍ਰੇਮ ਸਿੰਘ ਜੀ ਦਾ ਕੀ ਅਸਥਾਨ ਹੈ। ਬਾਵਾ ਹਰਨਾਮ ਸਿੰਘ ਜੀ ਨੇ ਆਖਰੀ ਚੋਣ 1971 ਵਿਚ ਲੜੀ ਸੀ। ਹਲਕਾ ਭੁਲੱਥ ਦੇ ਸਿਆਸੀ ਅਖਾੜੇ ਵਿਚ ਵੀ ਪਰਿਵਾਰ ਦਾ ਰੋਲ ਹੁਣ ਨਾਂਹ ਦੇ ਬਰਾਬਰ ਹੀ ਰਹਿ ਗਿਆ ਸੀ। ਬਾਵਾ ਵਰਿੰਦਰ ਸਿੰਘ ਵੱਲੋਂ ਬਰਾਦਰੀ ਦੀ ਸੰਤਾ ਦੀ ਵੱਡੀ ਯਾਦਗਾਰ ਬਨਾਉਣ ਦੀ ਮੰਗ ਤੋਂ ਇਨਕਾਰ ਕਰਨ ਤੋਂ ਬਾਅਦ ਕੁਝ ਮੋਹਤਬਰ ਸੱਜਣਾਂ ਦੀ ਸਲਾਹ ਹੁਣ ਬਾਵਾ ਚਰਨਜੀਤ ਸਿੰਘ ਦੀ ਵਿਧਵਾ ਬੀਬੀ ਜਗੀਰ ਕੌਰ ਨੂੰ ਯਾਦਗਾਰ ਲਈ ਜ਼ਮੀਨ ਦੇਣ ਬਾਰੇ ਪੁੱਛਣ ਦੀ ਬਣ ਰਹੀ ਸੀ ਕਿਉਂ ਜੋ ਉਸ ਪਾਸ ਵੀ ਸੰਤ ਪ੍ਰੇਮ ਸਿੰਘ ਜੀ ਦੀ ਵਿਰਸੇ ਵਿਚ ਮਿਲੀ ਜਾਇਦਾਦ ਦਾ ਬਰਾਬਰ ਹਿੱਸਾ ਸੀ। ਮਾਸਟਰ ਬਲਬੀਰ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਦੀ ਛੋਟੀ ਭੈਣ ਨਾਲ ਹੋ ਚੁੱਕੀ ਸੀ। ਇਲਾਕੇ ਦੀਆਂ ਸੰਗਤਾਂ ਅਤੇ ਮੋਹਤਬਰ ਸੱਜਣਾਂ ਨੇ ਜਦ ਇਹ ਮੰਗ ਬੀਬੀ ਜਗੀਰ ਕੌਰ ਅੱਗੇ ਰੱਖੀ ਤਾਂ ਉਨ੍ਹਾਂ ਇਸ ਨੂੰ




ਸੰਤ ਪ੍ਰੇਮ ਸਿੰਘ ਦੀਆਂ ਸੰਗਤਾਂ ਦਾ ਹੁਕਮ ਮੰਨ ਕੇ ਬਿਨਾਂ ਕਿਸੇ ਦੇਰੀ ਦੇ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਆਲੀਸ਼ਾਨ ਯਾਦਗਾਰ ਬਨਾਉਣ ਲਈ ਦਾਨ ਦੇਣ ਦਾ ਫੈਸਲਾ ਕਰ ਲਿਆ। ਇਸ ਪ੍ਰਵਾਨਗੀ ਵਿਚ ਮਾਸਟਰ ਬਲਬੀਰ ਸਿੰਘ ਦਾ ਬੜਾ ਵੱਡਾ ਰੋਲ ਸੀ।

ਦਾਸ ਲੇਖਕ ਉਹਨੀਂ ਦਿਨੀਂ ਬੇਰੁਜ਼ਗਾਰ ਸੀ ਤੇ ਆਪਣੇ ਪਰਿਵਾਰ ਲਈ ਰੋਟੀ ਦਾ ਜੁਗਾੜ ਕਰਨ ਲਈ ਆਪਣੇ ਪਿੰਡ ਬੇਗੋਵਾਲ ਵਿਚ ਹੀ ਇਕ ਛੋਟਾ ਜਿਹਾ ਸਕੂਲ ਚਲਾਉਂਦਾ ਸੀ। ਸਕੂਲ ਅਤੇ ਕਾਲਜ ਦੀ ਮੁੱਢਲੀ ਪੜ੍ਹਾਈ ਦੇ ਦਿਨਾਂ ਤੋਂ ਮਾਸਟਰ ਬਲਬੀਰ ਸਿੰਘ ਦੀ ਚੰਗੀ ਵਾਕਫ਼ੀਅਤ ਸੀ, ਜੋ ਬਾਅਦ ਵਿਚ ਭਰਾਵਾਂ ਵਰਗੇ ਪਿਆਰ ਵਿਚ ਤਬਦੀਲ ਹੋਈ।

ਇਲਾਕੇ ਦੇ ਮੋਹਤਬਰ ਸੱਜਣਾਂ ਦੇ ਨਾਲ ਦਾਸ ਵੀ ਰਜਿਸਟਰੀ ਵੇਲੇ ਹਾਜ਼ਰ ਸੀ। ਗੁਰਦੁਆਰਾ ਲੋਹ ਲੰਗਰ ਸੰਤ ਪ੍ਰੇਮ ਸਿੰਘ ਜੀ ਦੇ ਨਾਮ ਤੇ ਰਜਿਸਟਰੀ ਹੋ ਗਈ ਅਤੇ ਰਜਿਸਟਰੀ ਦੀ ਇਬਾਰਤ ਵਿਚ ਹੀ ਬੀਬੀ ਜਗੀਰ ਕੌਰ ਨੂੰ ਗੁਰਦੁਆਰੇ ਦੀ ਤਾਅ-ਜ਼ਿੰਦਗੀ ਪ੍ਰਧਾਨ ਲਿਖ ਦਿੱਤਾ ਗਿਆ। ਪੁਰਾਣੀ ਇਮਾਰਤ ਦੇ ਖਸਰਾ ਨੰਬਰਾਂ ਸਮੇਤ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਲਈ ਸੰਗਤਾਂ ਨੂੰ ਮਿਲ ਗਈ।

ਬੀਬੀ ਜੀ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਤਾਂ ਦੀ ਯਾਦਗਾਰ ਦੀ ਆਲੀਸ਼ਾਨ ਇਮਾਰਤ ਬਨਾਉਣ ਦੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਰਾ ਸਮਾਂ ਲਗਾਉਣ ਦਾ ਤਹੱਈਆ ਕਰ ਲਿਆ। ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਤੇ ਚੰਗੇ ਭਾਗਾਂ ਦੀਆਂ ਲਕੀਰਾਂ ਹੋਣ ਸੇਵਾ ਉਸ ਨੂੰ ਹੀ ਮਿਲਦੀ ਹੈ। ਬਾਵਾ ਹਰਨਾਮ ਸਿੰਘ ਜੀ ਜਾਂ ਬਾਵਾ ਵਰਿੰਦਰ ਸਿੰਘ ਨੂੰ ਸੰਤਾਂ ਦੀ ਯਾਦਗਾਰ ਬਨਾਉਣ ਦੀ ਸੇਵਾ ਜਾਂ ਜੱਸ ਨਹੀਂ ਸੀ ਮਿਲਣਾ। ਉਹ ਇਹ ਕਾਰਜ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਨੇ ਆਪਣੇ ਮੁੱਢਲੇ ਸਾਥੀਆਂ ਦੀ ਟੀਮ ਨਾਲ ਇਸ ਕਾਰਜ ਨੂੰ ਬੜੇ ਜ਼ੋਰ ਅਤੇ ਜੋਸ਼ ਨਾਲ ਸ਼ੁਰੂ ਕੀਤਾ।


ਬੀਬੀ ਜੀ ਦੀ ਮੁੱਢਲੀ ਟੀਮ ਵਿਚ ਪ੍ਰਧਾਨ ਜਗੀਰ ਸਿੰਘ ਬੇਗੋਵਾਲ, ਸ. ਦਲੀਪ ਸਿੰਘ ਟਿੱਬਾ, ਗਿਆਨੀ ਸੰਗਤ ਸਿੰਘ ਟਿੱਬਾ, ਸ. ਤਾਰਾ ਸਿੰਘ ਮਹੰਤ, ਸ. ਆਸਾ ਸਿੰਘ ਮਹੰਤ, ਜਥੇਦਾਰ ਅਰਜਨ ਸਿੰਘ, ਡਰਾਈਵਰ ਹਰਨਾਮ ਸਿੰਘ, ਡਰਾਈਵਰ ਨਿਰੰਜਨ ਸਿੰਘ, ਜਥੇਦਾਰ ਗਿਆਨ ਸਿੰਘ ਅਕਬਰਪੁਰ, ਬਾਪੂ ਸ਼ਿੰਗਾਰਾ ਸਿੰਘ ਬੇਗੋਵਾਲ, ਬਾਬਾ ਬਲਵੰਤ ਸਿੰਘ, ਜਗਜੀਤ ਸਿੰਘ ਡਾਲਾ, ਗਿਆਨੀ ਕਰਤਾਰ ਸਿੰਘ ਭਦਾਸ, ਸ. ਉਜਾਗਰ ਸਿੰਘ ਕਮਲਾ ਸਾਰਾ ਪਰਿਵਾਰ, ਮੁਖਤਿਆਰ ਸਿੰਘ ਮੁਰੱਬੀਆ ਦਾ ਸਾਰਾ ਪਰਿਵਾਰ, ਹੋਰ ਕਈ ਸੱਜਣਾਂ ਤੋਂ ਇਲਾਵਾ ਦਾਸ ਸੁਰਿੰਦਰ ਸਿੰਘ ਰੂਬੀ ਵੀ ਸ਼ਾਮਲ ਸੀ। ਬੜੀਆਂ ਮੁਸ਼ਕਲਾਂ ਤਕਲੀਫ਼ਾਂ ਆਈਆਂ। ਪਰ ਬੀਬੀ ਜਗੀਰ ਕੌਰ ਦੀ ਠੋਸ, ਸੁਘੜ ਅਤੇ ਦ੍ਰਿੜ੍ਹਤਾ ਭਰੀ ਅਗਵਾਈ ਉਤੇ ਸੰਤ ਪ੍ਰੇਮ ਸਿੰਘ ਜੀ ਨੇ ਅਤੇ ਗੁਰੂ ਮਹਾਰਾਜ ਨੇ ਖੁਦ ਆਪਣੀ ਕ੍ਰਿਪਾਲਤਾ ਭਰੀ ਨਜ਼ਰ ਰੱਖੀ। ਪਿੰਡ ਪਿੰਡ ਉਗਰਾਹੀਆਂ ਕੀਤੀਆਂ ਗਈਆਂ। ਖਰਚਾ ਬਹੁਤ ਵੱਡਾ ਸੀ। ਬੀਬੀ ਜੀ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਉਗਰਾਹੀ ਇਕੱਠੀ ਕਰਕੇ ਲਿਆਂਦੀ। ਸੁੰਦਰ ਯਾਦਗਾਰ ਦੀ ਇਮਾਰਤ ਜਦ ਦਿਸਣ ਲੱਗ ਪਈ ਤਾਂ ਜੋ ਥੋੜ੍ਹੀ ਬਹੁਤ ਵਿਰੋਧਤਾ ਸੀ ਉਹ ਵੀ ਖਤਮ ਹੋ ਗਈ। ਅੱਜ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਯਾਦਗਾਰ ਦੀ ਇਮਾਰਤ ਬਣੀ ਹੈ ਉਸ ਤੋਂ ਇਲਾਵਾ ਦੀਵਾਨ ਅਸਥਾਨ ਦੀ ਇਮਾਰਤ ਅਤੇ ਐਨ.ਆਰ.ਆਈ. ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਲੰਗਰ ਹਾਲ ਦੀ ਵਧੀਆ ਇਮਾਰਤ ਬਣੀ ਹੈ ਇਹ ਸਭ ਕੁਝ ਬੀਬੀ ਜਗੀਰ ਕੌਰ ਜੀ ਦੀ ਸੁਘੜ ਅਤੇ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਜੋ ਇਕ ਸਮੇਂ ਸੰਗਤਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਹਿਰਦੇ ਅਤੇ ਘਰਾਂ ਵਿਚ ਹੀ ਸੀਮਤ ਕਰ ਲਿਆ ਸੀ। ਅੱਜ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਨਾਲ ਦੁਬਾਰਾ ਜੋੜ ਲਿਆ ਹੈ।

ਡੇਰੇ ਦੀ ਪਰੰਪਰਾ ਅਨੁਸਾਰ ਹੀ ਬੀਬੀ ਜਗੀਰ ਕੌਰ ਨੇ ਇਲਾਕੇ ਦੀਆਂ ਸੰਗਤਾਂ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਗਵਾਈ ਦੇਣ ਦਾ ਅਹਿਮ ਕਾਰਜ ਸੰਭਾਲ ਲਿਆ। ਆਪ 1997, 2002 ਅਤੇ 2012 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਆਪ ਜੀ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਵੀ ਰਹਿ ਚੁੱਕੇ ਹਨ। ਲਗਾਤਾਰ ਪੰਜ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਅਤੇ ਚਾਰ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਨ। ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਨਣ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਹਨ।

ਸੰਗਤ ਨੇ ਮੁਰਾਲਾ ਡੇਰਾ ਨਹੀਂ ਵੇਖਿਆ ਪ੍ਰੰਤੂ ਅੱਜ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਵਿਚ ਸੰਤ ਮਹਾਰਾਜ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਡੇਰਾ ਬੇਗੋਵਾਲ ਮੁਰਾਲਾ ਡੇਰਾ ਹੀ ਜਾਪਦਾ ਹੈ। ਮੁਰਾਲੇ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਰ ਤਰ੍ਹਾਂ ਦੀ ਅਗਵਾਈ ਮਿਲਦੀ ਹੈ।



# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ



ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨੇ ਸਾਰਾ ਜੀਵਨ 1882 ਤੋਂ 1950 ਈ. ਤੱਕ ਮਨੁੱਖਤਾ ਦੇ ਭਲੇ ਹਿੱਤ ਲਗਾਇਆ। ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦਾ ਜਨਮ ਅਕਤੂਬਰ 1882 ਈ. ਕੱਤਕ ਦੀ ਸੰਗਰਾਂਦ ਵਾਲੇ ਦਿਨ ਹੋਇਆ। ਉਸ ਸਮੇਂ ਉਨ੍ਹਾਂ ਦੇ ਮਾਤਾ-ਪਿਤਾ ਖੋੜੀ ਦੁਨਾ ਸਿੰਘ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਸ. ਵਸਾਵਾ ਸਿੰਘ ਅਤੇ ਦਾਦਾ ਸ. ਅਰੂੜ ਸਿੰਘ ਭਾਈ ਲੱਖੀ ਸ਼ਾਹ ਵਣਜਾਰਾ ਦੇ ਭਰਾ ਧਰਮ ਦਾਸ ਦੀ ਸੰਤਾਨ ਸਨ, ਜਿਨ੍ਹਾਂ ਨੇ ਆਪਣੇ ਘਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ।

ਮਾਤਾ ਨਿਹਾਲ ਕੌਰ ਜੀ ਜਦੋਂ ਅਕਾਲ ਚਲਾਣਾ ਕਰ ਗਏ ਉਸ ਸਮੇਂ ਆਪ ਜੀ ਦੀ ਉਮਰ ਗਿਆਰਾਂ ਸਾਲ ਸੀ। ਸੰਤ ਪ੍ਰੇਮ ਸਿੰਘ ਜੀ ਦੀ ਪਾਲਣਾ ਦਾਦਾ ਅਰੂੜ ਸਿੰਘ ਦੀ ਰੇਖ-ਰੇਖ ਹੇਠ ਹੋਈ। ਕੁਝ ਸਮੇਂ ਪਿਛੋਂ ਸ. ਅਰੂੜ ਸਿੰਘ ਵੀ ਚੱਲ ਵਸੇ। ਕੁਝ ਸਮੇਂ ਬਾਅਦ ਆਪ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਮੁਰਾਲਾ ਸਾਹਿਬ ਵਿਖੇ ਆ ਗਏ ਅਤੇ ਲੰਗਰ ਦੀ ਸੇਵਾ ਸ਼ੁਰੂ ਕੀਤੀ ਅਤੇ ਜਦੋਂ ਲੰਗਰ ਦੀ ਸੇਵਾ ਤੋਂ ਫ੍ਰੀ ਹੁੰਦੇ ਤਾਂ ਪ੍ਰਭੂ ਸਿਮਰਨ ਵਿਚ ਜੁੜ ਜਾਂਦੇ।

ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸੇਵਾ ਦੀ ਵੱਡੀ ਕਸਵੱਟੀ ਤੇ ਪਰਖਿਆ, ਜਿਸ ਵਿਚ ਉਹ ਪੂਰੇ ਉਤਰੇ, ਇਸੇ ਕਾਰਨ ਡੇਰੇ ਦੇ ਸਭ ਤੋਂ ਘੱਟ ਉਮਰ ਵਾਲੇ ਸੇਵਕ ਉਮਰ 23 ਸਾਲ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਜੀਵਨ ਕਾਲ ਵਿਚ ਹੀ ਮੁਰਾਲਾ ਡੇਰੇ ਦੀ ਗੁਰਗੱਦੀ ਬਖ਼ਸ਼ਿਸ਼ ਕਰ ਦਿੱਤੀ। ਮੁਰਾਲਾ ਡੇਰੇ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਗੁਰਬਾਣੀ ਦੀ ਮਹੱਤਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। 1922 ਈ. ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਆਰੰਭ ਕੀਤੀ ਜਿਸ ਨੂੰ ਦੋ ਸਾਲਾਂ ਵਿਚ ਸੰਪੂਰਨ ਕੀਤਾ। ਬਾਬਾ ਜੀ ਆਪ ਵੀ ਗੁਰਬਾਣੀ ਦੀ ਕਥਾ ਵਿਚ ਮੁਹਾਰਤ ਰੱਖਦੇ ਸਨ। ਆਪ ਜੀ ਨੇ ਪ੍ਰਚਾਰਕ ਦੌਰਿਆਂ ਸਮੇਂ ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਗੁਰੂ ਦੇ ਲੜ ਲਾਇਆ। ਆਪ ਜੀ ਨੇ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ ਵਿੱਦਿਆ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾਇਆ। ਬਹੁਤ ਸਾਰੇ ਸਕੂਲ ਖੋਲ੍ਹੇ ਜਿਨ੍ਹਾਂ ਵਿਚ (ੳ) 1921 ਈ. ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਹੁਣ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। (ਅ) 1944 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ) ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ।(ੲ) 1945 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋੜੀ ਦੁਨਾ ਸਿੰਘ ਪਾਕਿਸਤਾਨ ਹੁਣ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਹੈ।(ਸ) 1946 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਜਲੰਧਰ ਇਹ ਸਕੂਲ 15 ਨਵੰਬਰ 1979 ਨੂੰ ਸਰਕਾਰੀ ਹਾਈ ਸਕੂਲ ਚੱਲ ਰਿਹਾ ਹੈ।(ਹ) 1947 ਵਿਚ ਹੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਸਰਗੋਧਾ ਵਿਚ ਵੀ ਚਲਾਇਆ ਸੀ, ਇਹ ਸਕੂਲ ਦੇਸ਼ ਦੀ ਵੰਡ ਤੋਂ ਬਾਅਦ ਨਹੀਂ ਖੁਲ੍ਹਿਆ।(ਕ) ਅਨੇਕਾਂ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਵੀ ਆਪ ਨੇ ਕੀਤੀ। ਹਜ਼ਾਰਾਂ ਵਿਦਿਆਰਥੀ ਬਾਬਾ ਜੀ ਦੀ ਜਗਾਈ ਜੋਤ ਤੋਂ ਚਾਨਣ ਪ੍ਰਾਪਤ ਕਰਕੇ ਜੀਵਨ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਹਨ, ਜਿਨ੍ਹਾਂ ਦੇਸ਼ ਤੇ ਕੌਮ ਦੀ ਸੇਵੀ ਕੀਤੀ ਅਤੇ ਕਰ ਰਹੇ ਹਨ। ਬਾਬਾ ਪ੍ਰੇਮ ਸਿੰਘ ਜੀ ਨੇ ਸਮਾਜਕ ਬੁਰਾਈਆਂ ਦੂਰ ਕਰਨ ਵਾਸਤੇ, ਭੈੜੀਆਂ ਤੇ ਕੋਝੀਆਂ ਫਜ਼ੂਲ ਰਸਮਾਂ ਤੋਂ ਬਚਾਉਣ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ, ਸ਼ਰਾਬਬੰਦੀ ਤੇ ਹੋਰਨਾਂ ਨਸ਼ਿਆਂ ਦਾ ਤਿਆਗ ਕਰਾਉਣ ਲਈ ਕਈ ਕਾਨਫਰੰਸਾਂ ਕੀਤੀਆਂ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਮਤਿ ਮਰਯਾਦਾ ਅਨੁਸਾਰ ਚਾਰ ਲਾਵਾਂ ਅਤੇ ਅਰਦਾਸ ਨਾਲ ਅਨੰਦ ਕਾਰਜ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ। ਬਾਬਾ ਜੀ ਅੰਧ ਵਿਸ਼ਵਾਸ, ਵਹਿਮ-ਭਰਮ ਤੇ ਫਾਲਤੂ ਸਮਾਜਿਕ ਰਸਮਾਂ ਦੇ ਸਖ਼ਤ ਵਿਰੋਧੀ ਸਨ। ਇਨ੍ਹਾਂ ਭੈੜੀਆਂ ਰਸਮਾਂ ਤੋਂ ਛੁਟਕਾਰਾ ਦਿਵਾਉਣ ਲਈ ਬਾਬਾ ਜੀ ਜੀਵਨ ਭਰ ਯਤਨਸ਼ੀਲ ਰਹੇ।





**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਸੰਤ ਬਾਬਾ ਪ੍ਰੇਮ ਸਿੰਘ ਜੀ ਚੀਫ ਖਾਲਸਾ ਦੀਵਾਨ ਦੇ ਮੈਂਬਰ ਰਹੇ। 1926 ਈ. ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਕਾਫੀ ਸਮਾਂ ਐਗਜੈਕਟਿਵ ਮੈਂਬਰ ਵੀ ਰਹੇ। 1937 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਸਰਗੋਧਾ ਜ਼ਿਲ੍ਹਾ ਗੁਜਰਾਤ ਤੋਂ ਐਮ.ਐਲ.ਏ. ਚੁਣੇ ਗਏ। ਆਪਣੇ ਸਿਆਲੀ ਜੀਵਨ ਵਿਚ ਦੂਜੀ ਵਾਰ 1945 ਈ. ਵਿਚ ਫਿਰ ਆਪ ਐਮ.ਐਲ.ਏ. ਚੁਣੇ ਗਏ ਤੇ ਅਕਾਲ ਚਲਾਣੇ ਤੱਕ ਆਪ ਅਸੈਂਬਲੀ ਦੇ ਮੈਂਬਰ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਉਚੇਚੇ ਯਤਨਾਂ ਨਾਲ ਦੇਸ਼ ਦੀ ਵੰਡ 1947 ਤੋਂ ਪਿਛੋਂ ਲੁਬਾਣਾ ਸਿੱਖਾਂ ਨੂੰ ਬੇਗੋਵਾਲ ਦੇ ਇਲਾਕੇ ਵਿਚ ਵਸਾਇਆ। ਦੋ ਜੂਨ 1950 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪ ਦੇ ਅੰਤਮ ਦਰਸ਼ਨਾਂ ਲਈ ਪੁੱਜੀਆਂ। ਆਓ ਆਪਾਂ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਜੀਵਨ ਸਫਲ ਕਰੀਏ।

# ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**



ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ ਸੰਨ 1563 (19 ਵੈਸਾਖ ਵਦੀ 7 ਸੰਮਤ 1620) ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਬੀਬੀ ਭਾਨੀ ਜੀ ਦੀ ਪਵਿੱਤਰ ਕੁੱਖ ਤੋਂ (ਨਾਨਕੇ ਘਰ) ਸ੍ਰੀ ਗੋਇੰਦਵਾਲ ਸਾਹਿਬ ਅਵਤਾਰ ਧਾਰਿਆ। "**ਗੁਰੂ ਅਮਰਦਾਸ ਜੀ ਦੀ ਅਸੀਸ, ਦੋਹਿਤਾ ਬਾਣੀ ਦਾ ਬੋਹਿਥਾ**" ਆਪ ਜੀ ਦਾ ਬਚਪਨ ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਜੋ ਕਿ ਆਪ ਜੀ ਦੇ ਨਾਨਾ ਜੀ ਸਨ, ਦੀ ਰੂਹਾਨੀ ਗੋਦ ਵਿਚ ਬੀਤਿਆ। ਗੁਰਮੁੱਖੀ ਅੱਖਰ ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਸਿਖਾਏ, ਦੇਖ-ਰੇਖ ਬਾਬਾ ਬੁੱਢਾ ਜੀ ਨੇ, ਮੋਹਰੀ ਜੀ ਨੇ ਗਣਿਤ ਵਿਦਿਆ ਸਿਖਲਾਈ, ਦੇਵਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ, ਸੰਸਕ੍ਰਿਤ ਦਾ ਗਿਆਨ ਪੰਡਿਤ ਬੈਣੀ ਜੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿੱਦਿਆ ਵਿਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਚਿੱਤਰਕਾਰੀ, ਉਸਾਰੀ ਅਤੇ ਸ਼ਿਲਪ ਕਲਾ ਵਿਚ ਵੀ ਨਿਪੁੰਨ ਹੋ ਗਏ ਸਨ। ਸ੍ਰੀ ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ, ਦੀਵਾਨ ਖਾਨਾ, ਕਰਤਾਰਪੁਰ (ਜਲੰਧਰ) ਦਾ ਸ਼ੀਸ਼ ਮਹੱਲ ਅਤੇ ਉਨ੍ਹਾਂ ਦੁਆਰਾ ਲਗਾਏ ਗਏ ਬਾਗ ਢੁੱਕਵੀਆਂ ਉਦਾਹਰਨਾਂ ਹਨ।



ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ (ਸੰਹਾਰੀ ਮੱਲ ਜੀ) ਲਾਹੌਰ ਤੋਂ ਆਪਣੇ ਬੇਟੇ ਦੇ ਵਿਆਹ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਦੇ ਕੇ ਗਏ। ਆਪ ਜੀ ਰੁਝੇਵਿਆਂ ਕਾਰਨ ਨਾ ਜਾ ਸਕਣ ਕਾਰਨ ਉਚਿੱਤ ਸਮਝਿਆ ਕਿ ਕਿਸੇ ਪੁੱਤਰ ਨੂੰ ਭੇਜ ਦਿੱਤਾ ਜਾਵੇ, ਪ੍ਰੰਤੂ ਪ੍ਰਿਥੀ ਚੰਦ ਅਤੇ ਮਹਾਂਦੇਵ ਵੱਲੋਂ ਬਹਾਨੇਬਾਜ਼ੀ ਕਰਨ ਤੇ ਅਤੇ ਪਿਤਾ ਸਮਝ ਕੇ ਨਾਂਹ ਕਰ ਦਿੱਤੀ। ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿਣਾ ਕੀਤਾ, ਪੁੱਤਰ ਆਪਣੇ ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਲਾਹੌਰ ਜਾਣ ਦੀ ਤਿਆਰੀ ਕਰੋ। ਜੋ ਆਗਿਆ ਪਿਤਾ ਜੀ ਅਤੇ ਆਪਣਾ ਸਿਰ ਗੁਰੂ ਜੀ ਅੱਗੇ ਝੁਕਾਇਆ। ਗੁਰੂ ਜੀ ਨੇ ਕਿਹਾ ਤੇਰਾ ਕੰਮ ਸਿਰਫ਼ ਵਿਆਹ ਦੇ ਰੰਗ ਤਮਾਸ਼ਿਆ ਵਿਚ ਸ਼ਾਮਲ ਹੋਣਾ ਨਹੀਂ, ਅਸਲ ਕੰਮ ਉਥੇ ਆਏ ਸੰਬੰਧੀਆਂ, ਮਿੱਤਰਾਂ ਤੇ ਉਥੋਂ ਦੀ ਸੰਗਤ ਨੂੰ ਗੁਰੂ ਘਰ ਨਾਲ ਜੋੜਨਾ ਹੈ ਅਤੇ ਤੁਸੀਂ ਲਾਹੌਰ ਤੋਂ ਸਾਡੇ ਬੁਲਾਉਣ ਤੇ ਹੀ ਆਉਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਪਿਤਾ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਤਨਦੇਹੀ ਨਾਲ ਲਾਹੌਰ ਵਿਖੇ ਵਿਆਹ ਕਾਰਜਾਂ ਤੋਂ ਵਿਹਲੇ ਹੋ ਕੇ ਸੰਗਤਾਂ-ਸੰਬੰਧੀਆਂ ਨੂੰ ਜਪੁਜੀ ਸਾਹਿਬ ਅਤੇ ਨਾਮ ਬਾਣੀ ਨਾਲ ਸਵੇਰੇ ਸ਼ਾਮ ਜੋੜ ਕੇ ਅਨੰਦ ਮਹਿਸੂਸ ਕਰਦੇ ਰਹੇ। ਪਰ ਆਪ ਲਈ ਗੁਰੂ ਜੀ ਤੋਂ ਇਕ ਪਲ ਵਿਛੋੜ ਅਸਿਹ ਸੀ ਅਤੇ ਵਿਆਕੁਲ ਰਹਿਣ ਲੱਗੇ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਤੋਂ ਬਾਅਦ ਇਕ ਕਰਕੇ ਗੁਰਸਿੱਖ ਦੇ ਹੱਥ ਪਿਤਾ ਗੁਰੂ ਕੋਲ ਚਿੱਠੀ ਭੇਜਦੇ ਰਹੇ ਪ੍ਰੰਤੂ ਦੋ ਵਾਰ ਪ੍ਰਿਥੀ ਚੰਦ ਉਹ ਰੁਕੇ (ਚਿੱਠੀ) ਆਪ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਨਾ ਪਹੁੰਚਣ ਦਿੱਤੇ ਅਤੇ ਝੂਠਾ ਭਰੋਸਾ ਦੇ ਕੇ ਸਿੱਖ ਨੂੰ ਵਾਪਿਸ ਭੇਜਦਾ ਰਿਹਾ। ਇਨ੍ਹਾਂ ਦੋਵਾਂ ਚਿੱਠੀਆਂ ਵਿਚ ਲਿਖਿਆ ਸੀ "**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨ ਦਰਸ਼ਨ ਸੰਤ ਪਿਆਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰੂ ਦਰਸ਼ਨ ਸੰਤ ਪਿਆਰੇ ਜੀਉ॥੧॥ ਤੇਰਾ ਮੁਖਿ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰ ਹੋਆ ਦੇਖੈ ਸਾਰਿੰਗ ਪਾਣੀ॥ ਧੰਨ ਸੁ ਦੇਸੂ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੨॥**" ਗੁਰੂ ਅਰਜਨ ਦੇਵ ਜੀ ਨੇ ਤੀਸਰੀ ਚਿੱਠੀ ਦੇਣ ਵੇਲੇ ਸਿੱਖ ਨੂੰ ਬੁਲਾ ਕੇ ਤਾਕੀਦ ਕੀਤੀ ਕਿ ਹਰ ਹਾਲਤ ਵਿਚ ਇਹ ਚਿੱਠੀ ਗੁਰੂ ਜੀ ਦੇ ਸਪੁਰਦ ਕਰਨੀ ਹੈ ਕਿਸੇ ਨੂੰ ਨਹੀਂ ਦੇਣੀ। ਗੁਰ ਕੇ ਚੱਕ (ਅੰਮ੍ਰਿਤਸਰ) ਪੁਜ ਕੇ ਉਸ ਨੇ ਉਚਿਤ ਸਮਾਂ ਵੇਖ ਕੇ ਗੁਰੂ ਜੀ ਨੂੰ ਮੱਥਾ ਟੇਕਦੇ ਹੋਏ ਤੇ ਚਿੱਠੀ ਸੌਂਪਦੇ ਹੋਏ ਬੇਨਤੀ ਕੀਤੀ "ਮਹਾਰਾਜ, ਅਰਜਨ ਦੇਵ ਜੀ ਨੇ ਆਪ ਜੀ ਤੋਂ ਆਦੇਸ਼ ਲਿਆਉਣਾ ਲਈ ਕਿਹਾ ਹੈ" ਕਹਿੰਦੇ ਹੋਏ ਸੰਗਤਾਂ ਵਿਚ ਬੈਠ ਗਿਆ। ਗੁਰੂ ਜੀ ਨੇ ਚਿੱਠੀ ਪੜ੍ਹੀ "**ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨਾ ਵਿਹਾਵੈ ਨੀਂਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੩॥**" ਗੁਰੂ ਰਾਮਦਾਸ ਜੀ ਨੇ ਚਿੱਠੀ ਪੜ੍ਹਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਵਸਥਾ ਸਮਝਦੇ ਹੋਏ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਲਾਹੌਰ ਜਾ ਕੇ ਅਰਜਨ ਦੇਵ ਨੂੰ ਲੈ ਕੇ ਆਉਣ। ਜਦੋਂ ਸ੍ਰੀ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦੀਵਨ ਸਮੇਂ ਪੁੱਜੇ ਤਾਂ ਚਰਨਾਂ ਤੇ ਢਹਿ ਪਏ ਅਤੇ ਵੈਰਾਗ ਵਿਚ ਹੰਝੂਆਂ ਨਾਲ ਉਨ੍ਹਾਂ ਦੇ ਪੈਰ ਧੋ ਦਿੱਤੇ। ਗੁਰੂ ਪਿਤਾ ਜੀ ਨੇ ਗਲੇ ਨਾਲ ਲਾ ਲਿਆ। ਅਰਜਨ ਦੇਵ ਜੀ ਦਾ ਮਨ ਤਨ ਸੀਤਲ ਹੋ ਗਿਆ। ਗੁਰੂ ਅਰਜਨ ਦੇਵ ਜੀ ਦੇ ਪੁੱਛਣ ਤੇ ਪ੍ਰਿਥੀ ਚੰਦ ਦੇ ਚੋਲੇ ਵਿਚੋਂ ਪਹਿਲੀਆਂ ਦੋ ਪਤ੍ਰਿਕਾਵਾਂ ਮਿਲਣ ਤੇ ਜਦ ਗੁਰੂ ਜੀ ਨੇ ਤਿੰਨ ਚਿੱਠੀਆਂ ਨੂੰ ਇਕੱਠਿਆਂ ਪੜ੍ਹਿਆ ਤਾਂ ਸੰਗਤ ਵਿਚ ਬਾਬਾ ਬੁੱਢਾ ਜੀ ਨੇ ਅਰਜਨ ਦੇਵ ਦੀ ਬਿਬੇਕ ਬੁੱਧ, ਪ੍ਰਮਾਤਮਾ ਦੇ ਭਉ, ਭਾਉ ਵੈਰਾਗ ਅਤੇ ਸਹਿਜ ਅਵਸਥਾ ਨੂੰ ਜਾਂਚਦੇ ਹੋਏ ਕਿਹਾ ਕਿ ਅਰਜਨ

ਦੇਵ ਜੀ ਹੀ ਗੁਰਗੱਦੀ ਸੰਭਾਲਣ ਦੇ ਯੋਗ ਹਨ। ਸੋ ਬਾਬਾ ਬੁੱਢਾ ਜੀ ਦੇ ਵਿਚਾਰ ਸੁਨਣ ਉਪਰੰਤ ਬਿਨਾਂ ਕਿਸੇ ਦੇਰ ਦੇ ਗੁਰ ਮਰਿਯਾਦਾ ਅਨੁਸਾਰ ਇਕ (1) ਸਤੰਬਰ 1581 ਈ. ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ ਗਈ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ 4 ਮਹੀਨੇ ਦੀ ਸੀ। ਆਪਜੀ ਇਸ ਗੁਰਤਾਗੱਦੀ ਤੇ 30 ਮਈ, ਸੰਨ 1606 ਈ. ਤੱਕ ਬਿਰਾਜਮਾਨ ਰਹੇ। ਸ੍ਰੀ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਸੌਂਪਣ ਤੋਂ ਦੋ (2) ਦਿਨ ਬਾਅਦ 47 ਸਾਲ ਦੀ ਦੁਨਿਆਵੀ ਉਮਰ ਬਿਤਾਉਂਦਿਆਂ ਆਪਣਾ ਪੰਜ ਭੂਤਕ ਸਰੀਰ ਤਿਆਗ ਦਿੱਤਾ ਅਤੇ ਆਪਣੇ ਮੂਲ ਵਿਚ ਸਮਾ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ 01-07-1589 ਨੂੰ ਤਕਰੀਬਨ 26 ਸਾਲ ਦੀ ਉਮਰ ਵਿਚ ਤਹਿਸੀਲ ਫਿਲੌਰ ਦੇ ਮਉ ਪਿੰਡ ਨਿਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ ਅਤੇ ਇਸ ਸਮੇਂ ਸ਼ਾਨਦਾਰ ਯਾਦਗਾਰੀ ਗੁਰਦੁਆਰਾ ਅਤੇ ਗੁਰ ਅਰਜਨ ਦੇਵ ਜੀ ਦੁਆਰਾ ਲਗਾਇਆ ਖੂਹ ਉਥੇ ਹੈ। ਆਪ ਜੀ ਦੀ ਸੰਤਾਨ ਵਜੋਂ ਬਾਲਕ (ਗੁਰੂ) ਹਰਿਗੋਬਿੰਦ ਜੀ ਦਾ ਜਨਮ 19 ਜੂਨ 1595 ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ। ਇਸ ਤਰ੍ਹਾਂ **"ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ॥"**

ਭਾਈ ਗੁਰਦਾਸ ਜੀ ਦੀ ਬਾਣੀ ਨੂੰ ਵਿਦਵਾਨਾਂ ਵੱਲੋਂ '**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ**' ਕਹਿ ਕੇ ਸਨਮਾਨਿਤ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਰਿਸ਼ਤੇ ਵਜੋਂ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।


ਸੰਨ 1588 ਈ., ਜਨਵਰੀ ਦੀ ਤਿੰਨ (ਮਾਘੀ ਵਾਲੇ ਦਿਨ) ਆਪਜੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੇਂਦਰ ਵਿਚ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਉਸ ਦੀ ਨੀਂਹ ਲਾਹੌਰ ਦੇ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। **"ਸਭੈ ਸਾਂਝੀਵਾਲ ਸਦਾਇਣ ਕੋਇ ਨ ਦਿਸੈ ਬਾਹਿਰਾ ਜੀਓ"** ਦਾ ਉਪਦੇਸ਼ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਦਿਸ਼ਾਵਾਂ ਵੱਲ ਖੁਲ੍ਹਦੇ ਹਨ ਅਤੇ ਇਸ ਨੂੰ ਸਰਬ ਸਾਂਝਾ ਅਤੇ ਸਰਬ ਲੋਕਾਈ ਲਈ ਧਰਮ ਪਵਿੱਤਰ ਅਸਥਾਨ ਬਣਾ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਸ਼ਹਿਰ ਨੂੰ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕਰਨ ਲਈ ਸਾਰੀਆਂ ਮੁੱਢਲੀਆਂ ਤੇ ਭਵਨ ਨਿਰਮਾਣ ਦੀਆਂ ਸੇਵਾਵਾਂ ਮੁਹੱਈਆ ਕਰਾ ਦਿੱਤੀਆਂ। ਇਸੇ ਤਰ੍ਹਾਂ ਆਪ ਜੀ ਨੇ ਤਰਨਤਾਰਨ ਅਤੇ ਕਰਤਾਰਪੁਰ ਸ਼ਹਿਰ ਵਸਾਏ। ਤਰਨਤਾਰਨ ਵਿਖੇ ਕੋਹੜ ਦੇ ਰੋਗੀਆਂ ਲਈ ਵਿਸ਼ੇਸ਼ ਚਿਕਤਸ਼ਾਲਾ ਸਥਾਪਤ ਕੀਤਾ। ਆਪ ਜੀ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸਰਹਾਲੀ ਤੇ ਖਾਨਪੁਰ ਤੱਕ ਗਏ। ਲਾਹੌਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਾਉਣ ਨਾਲ ਕਾਲ ਦੇ ਸਮੇਂ ਦਸਵੰਦ ਰਾਸ਼ੀ ਵਿਚੋਂ ਭੁੱਖ ਅਤੇ ਬਿਮਾਰੀਆਂ ਦੇ ਕਾਰਨ ਲੋਕਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਅਤੇ ਬਾਣੀਆਂ ਦੀ ਤਰਤੀਬ ਦੇ ਕੇ, ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸੰਨ 1601 ਈ. ਵਿਚ ਸ਼ੁਰੂ ਕੀਤਾ ਜਿਹੜਾ ਸੰਨ 1604 ਈ. ਵਿਚ ਸੰਪੰਨ ਹੋਇਆ। ਇਸੇ ਅਸਥਾਨ ਤੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੀ ਸਭ ਤੋਂ ਵਧੇਰੇ ਬਾਣੀ ਦਰਜ ਹੈ ਜੋ ਕਿ 30 ਰਾਗਾਂ ਵਿਚ ਹੈ ਅਤੇ 2212 ਸ਼ਬਦ ਅਤੇ 6 ਵਾਰਾਂ ਹਨ। ਆਪ ਜੀ ਦੁਆਰਾ ਸ੍ਰੀ ਸੁਖਮਨੀ ਸਾਹਿਬ ਦੀ ਰਚਨਾ ਬਹੁਤ ਹੀ ਸਰਲ ਬਾਣੀ ਹੈ ਜੋ ਕਿ ਪਾਠ ਬਹੁਤ ਗੁਰਸਿੱਖਾਂ ਵੱਲੋਂ ਸਾਰੇ ਗੁਰੂ ਘਰਾਂ ਵਿਚ ਕੀਤਾ ਜਾਂਦਾ ਹੈ। ਰਾਗ ਬਾਰਹਾਮਾਂਹ ਦੀ ਬਾਣੀ ਵੀ ਮਹੀਨਿਆਂ ਅਨੁਸਾਰ ਗੁਰ ਉਪਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 1604 ਈ. ਨੂੰ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਕੋਠਾ ਸਾਹਿਬ ਵਿਖੇ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ ਹੇਠਾਂ ਜ਼ਮੀਨ ਤੇ ਸੌਂਦੇ ਰਹੇ ਸਨ।

ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਵਜੋਂ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਆਪਜੀ ਸਿੱਖ ਪੰਥ ਦੇ ਪਹਿਲੇ ਸ਼ਹੀਦ ਹਨ। ਆਪ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਨਕਸ਼ਬੰਦੀਆਂ ਦੀ ਚੁਕ-ਚੁਕਾਈ, ਸਿੱਖ ਧਰਮ ਦੇ ਅਜ਼ਾਦੀ ਦੇ ਉਪਦੇਸ਼ ਅਤੇ ਹੋਰ ਨਾਲ ਲੱਗਦੇ ਮੌਕੇ ਦੇ ਕਾਰਣ ਪ੍ਰਿਥੀ ਚੰਦ ਦੁਆਰਾ ਵਿਰੋਧ, ਚੰਦੂ ਦੀ ਦੁਸ਼ਮਣੀ, ਸਨਾਤਨੀਆਂ ਦੀ ਵਿਰੋਧਤਾ, ਗੁਰੂ ਜੀ ਦੁਆਰਾ ਖੁਸਰੋ ਦੀ ਮੱਦਦ ਕਰਨ ਦੀ ਆੜ ਕਹੇ ਜਾਂਦੇ ਸਨ ਪ੍ਰੰਤੂ ਜਹਾਂਗੀਰ ਵੱਲੋਂ ਮੁੱਖ ਦ੍ਰਿੜ ਕੱਟੜ ਪੰਥੀ ਅਤੇ ਹਕੂਮਤ ਨੂੰ ਖਤਰਾ ਮਹਿਸੂਸ ਕਰਨ ਕਰਕੇ ਜੋ ਕਿ ਉਸਨੇ ਆਪਣੀ ਸਵੈਜੀਵਨੀ '**ਤੋਜਿਕਿ-ਏ-ਜਹਾਂਗਿਰੀ**' ਵਿਚ ਸਿੱਖੀ ਵਿਰੋਧੀ ਲਿਖਿਆ ਹੈ) ਗੁਰੂ ਜੀ ਨੂੰ ਈਰਖਾ ਵੱਸ 26 ਮਈ 1606 ਈ. ਨੂੰ ਲਾਹੌਰ ਲਿਆਂਦਾ ਗਿਆ ਅਤੇ ਲਾਹੌਰ ਦੇ ਹਾਕਮ ਮੁਰਤਜਾ ਖਾਨ ਦੇ ਹਵਾਲੇ ਕਰ ਦਿੱਤਾ ਗਿਆ। ਉਸਨੇ ਚੰਦੂ ਨੂੰ ਇਸ ਕੰਮ ਲਈ ਲਗਾਇਆ ਜਿਸਨੇ ਆਪਣੀ ਧੀ ਦਾ ਰਿਸ਼ਤਾ ਗੁਰੂ ਜੀ ਵੱਲੋਂ ਨਾ ਸਵੀਕਾਰ ਕਰਨ ਕਰਕੇ ਰੰਜਿਸ਼ ਵੱਸ ਹੋ ਕੇ ਤੱਤੀ ਤਵੀ ਤੇ ਬੈਠਾ ਕੇ ਸਿਰ ਉੱਤੇ ਤੱਤੀ ਰੇਤ ਪਾਈ ਅਤੇ ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ ਜਿਸ ਦੌਰਾਨ ਸਰੀਰ ਛਾਲੇ-ਛਾਲੇ ਹੋ ਗਿਆ ਪ੍ਰੰਤੂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਅਡੋਲ ਅਤੇ ਸ਼ਾਂਤ ਹੀ ਰਹੇ **"ਤੇਰਾ ਕੀਆ ਮੀਠਾ ਲਾਗੈ, ਹਰਿ ਨਾਮਿ ਪਦਾਰਥ ਨਾਨਕ ਮਾਂਗੇ॥"** ਉਪਰੰਤ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਦਰਿਆ ਰਾਵੀ ਕਿਨਾਰੇ ਲਿਜਾਇਆ ਗਿਆ। ਗੁਰੂ ਜੀ ਇਸ਼ਨਾਨ ਕਰਨ ਗਏ ਪਰ ਵਾਪਸ ਨਹੀਂ ਪਰਤੇ। ਪਰ ਗੁਰੂ ਜੀ ਮੁਤੱਸਬੀ ਹੁਕਮਰਾਨ ਅਤੇ ਉਸਦੇ ਮੁਤਸਬੀ ਅਹਿਲਕਾਰਾਂ ਅੱਗੇ ਨਾ ਝੁਕੇ ਅਤੇ ਬੇਅੰਤ ਤਸੀਹੇ ਅਤੇ ਸਰੀਰਕ ਯਾਤਨਾਵਾਂ ਸ਼ਾਂਤ ਚਿੱਤ ਹੋ ਕੇ ਸਹਾਰਦੇ ਹੋਏ 30-05-1606 ਨੂੰ ਲਾਹੌਰ ਵਿਚ ਸ਼ਹੀਦੀ ਦਾ ਜਾਮ ਪੀ ਕੇ ਜੋਤੀ-ਜੋਤ ਸਮਾ ਗਏ। ਉਸ ਸਮੇਂ ਆਪ ਜੀ ਦੀ ਸੰਸਾਰਿਕ ਆਯੂ 43 ਸਾਲ ਇਕ (1) ਮਹੀਨਾ ਤੇ 15 ਦਿਨ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲ ਇੱਕਮਿਕ ਹੋਏ, ਰੱਬੀ ਰੰਗ ਵਿਚ ਆਭੇਦ, ਦੁਖੀਆਂ ਦੇ ਦਰਦੀ, ਮਹਾਨ ਤਪੱਸਵੀ, ਦੂਰਅੰਦੇਸ਼, ਕੌਮੀ ਉਸਰਈਏ, ਦਿੱਬ ਦ੍ਰਿਸ਼ਟੀ ਦੇ ਮਾਲਕ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਂਦੇ ਹੋਏ ਮਹਾਨ ਸ਼ਹੀਦੀ ਅਤੇ ਕੁਰਬਾਨੀ ਦੇ ਫਲਸਫੇ ਨੂੰ ਹਿਰਦਿਆਂ ਵਿਚ ਵਸਾ ਕੇ ਲੋਕਾਈ ਦੀ ਸੇਵਾ ਕਰੀਏ, ਅਨਿਆਂ ਖਿਲਾਫ ਸੰਘਰਸ਼ੀਲ ਹੋਈਏ, ਅਜੋਕੇ ਸਮੇਂ ਵਿਚ ਵਿਹਾਰ ਸੁਧਾਰ ਲਿਆਈਏ ਅਤੇ ਈਰਖਾ ਵੈਰ ਵਿਰੋਧ ਤੋਂ ਬੱਚ ਕੇ ਰਹੀਏ ਇਹੀ ਸਾਡੀ ਗੁਰੂ ਸਾਹਿਬ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਵਿਸ਼ੇਸ਼ ਪ੍ਰਾਪਤੀਆਂ



**ਡਾ. ਪ੍ਰੋਫੈਸਰ ਜਸਵੰਤ ਸਿੰਘ ਮੁਰੱਬੀਆ**

ਮਹਾਨ ਮਹਾਂਪੁਰਸ਼ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨੇ ਆਪਣਾ ਸਾਰਾ ਜੀਵਨ 1882 ਤੋਂ 1950 ਈ. ਤੱਕ ਮਨੁੱਖਤਾ ਦੇ ਭਲੇ ਲਈ ਲਗਾਇਆ। 1905 ਈ. ਵਿਚ ਡੇਰਾ ਮੁਰਾਲਾ ਸਾਹਿਬ, ਜੋ ਤਹਿਸੀਲ ਖਾਰੀਆਂ ਜ਼ਿਲ੍ਹਾ ਗੁਜਰਾਤ ਜੋ ਇਸ ਸਮੇਂ ਪਾਕਿਸਤਾਨ ਵਿਚ ਹੈ ਦੀ ਸੇਵਾ ਸੰਭਾਲਣ ਤੋਂ ਬਾਅਦ ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ, ਸਿੱਖਿਆ ਦੇ ਪ੍ਰਸਾਰ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਅਤੇ ਵਹਿਮਾਂ-ਭਰਮਾਂ ਨੂੰ ਖਤਮ ਕਰਨ ਲਈ ਸ਼ਲਾਘਾਯੋਗ ਯਤਨ ਕੀਤੇ। ਇਸ ਕਰਕੇ ਉਹਨਾਂ ਨੂੰ ਪੰਜਾਬ ਦੀ ਧਰਤੀ ਤੇ ਬਹੁਤ ਮਾਨ ਸਤਿਕਾਰ ਮਿਲਿਆ। ਅਸਲ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਨਾਂ, ਕੱਦ, ਕਮਾਈ ਅਤੇ ਦੇਣ ਬਹੁਤ ਵੱਡੀ ਹੈ। ਇਸੇ ਕਰਕੇ ਅੱਜ ਉਹਨਾਂ ਨੂੰ ਦੇਸ਼-ਵਿਦੇਸ਼ ਵਿਚ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਹਨਾਂ ਦਾ ਜਨਮ ਦਿਨ ਅਤੇ ਬਰਸੀਆਂ ਦੇਸ਼ ਦੁਨੀਆਂ ਵਿਚ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈਆਂ ਜਾਂਦੀਆਂ ਹਨ।

ਉਹਨਾਂ ਨੇ ਸਿੱਖਾਂ ਦੀ ਬਹੁਤ ਮਹੱਤਵਪੂਰਨ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੇ ਸਾਰੇ ਵਿਦਿਅਕ ਅਤੇ ਧਾਰਮਿਕ ਪ੍ਰੋਗਰਾਮਾਂ ਨੂੰ ਅਪਨਾਇਆ ਤੇ ਡੱਟ ਕੇ ਪ੍ਰਚਾਰ ਕੀਤਾ। ਇਸ ਕਰਕੇ ਉਹਨਾਂ ਨੂੰ 30 ਮਈ 1920 ਈ. ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਚਾਰ ਸਬ-ਕਮੇਟੀ ਅਤੇ 13 ਅਪ੍ਰੈਲ 1922 ਈ. ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਉਪਦੇਸ਼ਕ ਸ਼੍ਰੇਣੀ ਦਾ ਮੈਂਬਰ ਬਣਾਇਆ ਗਿਆ।

1920 ਈ. 1925 ਈ. ਤੱਕ ਸਿੱਖ ਸੰਗਤ ਨੇ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਲਈ ਭ੍ਰਿਸ਼ਟ ਮਹੰਤਾਂ ਤੇ ਉਹਨਾਂ ਦੀ ਸਹਾਇਤਾ ਕਰ ਰਹੀ ਬਹੁਤ ਹੀ ਸ਼ਕਤੀਸ਼ਾਲੀ ਅੰਗਰੇਜ਼ ਸਰਕਾਰ ਦੇ ਵਿਰੁੱਧ ਲੰਮੀ ਲੜਾਈ ਲੜੀ। 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ। ਸਿੱਖ ਸੰਗਤ ਜਿਸਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਬਹੁਤ ਡੱਟ ਕੇ ਸੰਘਰਸ਼ ਕੀਤਾ ਨੂੰ ਸਫਲਤਾ ਪ੍ਰਾਪਤ ਹੋਈ। 7 ਜੁਲਾਈ 1925 ਈ. ਨੂੰ ਸਿੱਖ ਗੁਰਦੁਆਰਾ ਐਕਟ ਪਾਸ ਕੀਤਾ ਗਿਆ ਜਿਸਨੂੰ ਨਵੰਬਰ 1925 ਵਿਚ ਲਾਗੂ ਕੀਤਾ ਗਿਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਇਸ ਕਰਕੇ ਉਨ੍ਹਾਂ ਨੂੰ 1922 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਮੈਂਬਰ ਨਾਮਜਦ ਕੀਤਾ ਗਿਆ। ਸਿੱਖ ਗੁਰਦੁਆਰਾ ਐਕਟ ਦੇ ਅਨੁਸਾਰ ਇਹ ਤਹਿ ਕੀਤਾ ਗਿਆ ਕਿ ਸਿੱਖਾਂ ਦੇ ਸਾਰੇ ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਕਰੇਗੀ ਤੇ ਉਸ ਦੇ ਮੈਂਬਰਾਂ ਦੀ ਚੋਣ ਸਿੱਖ ਸੰਗਤ ਰਾਹੀਂ ਕੀਤੀ ਜਾਵੇਗੀ। ਸਾਡੇ ਲਈ ਬਹੁਤ ਮਾਨ ਦੀ ਗੱਲ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀਆਂ ਛੇ ਚੋਣਾਂ 1926, 1930, 1933, 1936, 1939 ਅਤੇ 1946 ਵਿਚ ਹੋਈਆਂ। ਛੇ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਸੰਤਾਂ ਨੂੰ ਉਹਨਾਂ ਦੇ ਆਪਣੇ ਹਲਕੇ ਹਲਕਾ ਨੰਬਰ 97 ਗੁਜਰਾਤ ਤੋਂ ਆਪਣਾ ਉਮੀਦਵਾਰ ਬਣਾਇਆ। ਸਾਰੀਆਂ ਚੋਣਾਂ ਵਿਚ ਉਹਨਾਂ ਨੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ। ਉਪਲੱਬਧ ਰਿਕਾਰਡ ਅਨੁਸਾਰ ਸੰਤ ਬਾਬਾ ਪ੍ਰੇਮ ਸਿੰਘ ਜੀ 1946 ਈ. ਵਿਚ ਆਖਰੀ ਚੋਣ ਲੜੀ। ਉਹਨਾਂ ਦੇ ਮੁਕਾਬਲੇ ਸ. ਸੇਵਾ ਸਿੰਘ ਪਿੰਡ ਲਾਲਾਮੂਸਾ ਜ਼ਿਲ੍ਹਾ ਗੁਜਰਾਤ ਨੇ ਕਾਗ਼ਜ਼ ਭਰੇ। ਪਰ ਜਿਸ ਦਿਨ ਕਾਗ਼ਜ਼ਾਂ ਦੀ ਪੜਤਾਲ ਹੋਈ ਸ. ਸੇਵਾ ਸਿੰਘ ਨੇ ਆਪਣੇ ਕਾਗ਼ਜ਼ ਵਾਪਸ ਲੈ ਗਏ। ਆਪਣੇ ਹਲਕੇ ਗੁਜਰਾਤ ਤੋਂ ਬਿਨਾਂ ਮੁਕਾਬਲਾ ਜਿੱਤਣਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਹਰਮਨ ਪਿਆਰਤਾ ਬਹੁਤ ਵੱਧ ਚੁੱਕੀ ਸੀ। 1937 ਈ. ਤੇ 1948 ਈ. ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਕਾਰਜਕਾਰਨੀ ਦੇ ਮੈਂਬਰ ਚੁਣੇ ਗਏ।

ਭਾਰਤ ਸਰਕਾਰ ਨੇ 1935 ਦੇ ਐਕਟ ਅਨੁਸਾਰ ਪੰਜਾਬ ਵਿਚ ਬਾਕੀ ਪ੍ਰਾਂਤਾਂ ਦੀ ਤਰ੍ਹਾਂ ਸਵੈ-ਸ਼ਾਸ਼ਨ ਦੀ ਵਿਵਸਥਾ ਲਾਗੂ ਕੀਤੀ। ਪੰਜਾਬ ਵਿਧਾਨ ਸਭਾ ਦੇ ਅਣਵੰਡੇ ਪੰਜਾਬ ਵਿਚ ਕੁਲ 175 ਮੈਂਬਰ ਸਨ। ਇਸਦੀ ਪਹਿਲੀ ਚੋਣ ਫਰਵਰੀ 1937 ਈ. ਵਿਚ ਹੋਈ। ਸ਼੍ਰੋਮਣੀ ਅਕਾਲੀ ਦਲ ਨੇ ਸੰਤ ਬਾਬਾ ਪ੍ਰੇਮ ਸਿੰਘ ਨੂੰ ਉਹਨਾਂ ਦੇ ਆਪਣੇ ਹਲਕੇ ਹਲਕਾ ਨੰਬਰ 144 ਗੁਜਰਾਤ ਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ। ਉਹਨਾਂ ਦੇ ਮੁਕਾਬਲੇ ਖ਼ਾਲਸਾ ਨੈਸ਼ਲਿਸਟ ਪਾਰਟੀ ਜਿਸਨੂੰ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਸੀ ਨੇ ਸਰਦਾਰ ਬਹਾਦਰ ਸਰਦਾਰ ਹਰਬੰਸ ਸਿੰਘ ਨੂੰ ਆਪਣਾ ਉਮੀਦਵਾਰ ਬਣਾਇਆ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਵੋਟਰਾਂ ਦਾ ਭਰਵਾਂ ਸਮਰਥਨ ਪ੍ਰਾਪਤ ਹੋਇਆ। ਇਸ ਕਰਕੇ ਉਹਨਾਂ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 3299 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ।

ਪੰਜਾਬ ਵਿਧਾਨ ਸਭਾ ਦੀ ਦੂਜੀ ਚੋਣ ਫਰਵਰੀ 1946 ਈ. ਵਿਚ ਹੋਈ। ਹਲਕੇ ਦੇ ਵੋਟਰਾਂ ਵਿਚ ਉਸ ਸਮੇਂ ਬਹੁਤ ਜ਼ਿਆਦਾ ਉਤਸ਼ਾਹ ਸੀ। ਉਸ ਸਮੇਂ ਵੋਟਰਾਂ ਨੇ ਹੇਠ ਲਿਖੇ ਹਲਫ਼ ਲਏ।

(ੳ) ਸੰਤ ਪ੍ਰੇਮ ਸਿੰਘ ਜੀ ਨੂੰ ਪੈਦਲ ਚੱਲ ਕੇ ਵੋਟਾਂ ਪਾਵਾਂਗੇ।

(ਅ) ਅਸੀਂ ਪੜ੍ਹੇ ਲਿਖੇ ਸੱਜਣ ਪੋਲਿੰਗ ਉੱਤੇ ਅਤੇ ਪਿੰਡਾਂ ਵਿਚ ਘੁੰਮ ਫਿਰ ਕੇ ਆਪ ਪ੍ਰਚਾਰ ਕਰਾਂਗੇ।

(ੲ) ਹਰ ਵੋਟ ਨਾਲ ਇਕ ਰੁਪਿਆ ਸੰਤਾਂ ਦੀ ਨਜ਼ਰ ਕਰਾਂਗੇ।⁹

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਦੁਬਾਰਾ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ। ਉਹਨਾਂ ਦੇ ਮੁਕਾਬਲੇ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਨੇ ਸ. ਹਰਭਜਨ ਸਿੰਘ ਨੂੰ ਆਪਣਾ ਉਮੀਦਵਾਰ ਬਣਾਇਆ। ਸੰਤਾਂ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 6860 ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਹਰਾਇਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਇਕ ਬਹੁਤ ਹੀ ਹਰਮਨ ਪਿਆਰੇ ਨੇਤਾ ਸਨ। ਇਹੋ ਹੀ ਵਜ੍ਹਾ ਸੀ ਕਿ ਉਹਨਾਂ ਨੂੰ 1922 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਾਮਜਦ ਕੀਤਾ ਗਿਆ। ਸਿੱਖ ਗੁਰਦੁਆਰਾ ਐਕਟ ਲਾਗੂ ਹੋਣ 'ਤੇ ਉਹ ਛੇ ਵਾਰ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਚੁਣੇ ਗਏ। ਉਹਨਾਂ ਦੀ ਇਸ ਵਿਲੱਖਣ ਕਾਮਯਾਬੀ ਸਦਕਾ ਹੀ ਸੰਤ ਜੀ ਨੂੰ ਦੋ ਵਾਰ ਸ਼੍ਰੋਮਣੀ ਕਮੇਟੀ ਦੇ ਕਾਰਜਕਾਰਨੀ ਦੇ ਮੈਂਬਰ ਚੁਣੇ ਗਏ। ਇਸੇ ਤਰ੍ਹਾਂ ਹੀ ਉਹ ਪੰਜਾਬ ਵਿਧਾਨ ਸਭਾ ਦੇ ਆਪਣੇ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ 1937 ਈ. ਅਤੇ 1946 ਈ. ਵਿਚ ਦੋ ਵਾਰ ਬਹੁਤ ਵੱਡੇ ਫਰਕ ਨਾਲ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਪੰਜਾਬ ਵਿਧਾਨ ਸਭਾ ਵਿਚ ਉਹਨਾਂ ਨੇ ਆਪਣੇ ਹਲਕੇ ਅਤੇ ਲੁਬਾਣਾ ਬਰਾਦਰੀ ਨਾਲ ਸਬੰਧਤ ਸਾਰੇ ਮਸਲੇ ਬਹੁਤ ਚੰਗੇ ਢੰਗ ਨਾਲ ਉਠਾ ਕੇ ਮਸਲੇ ਹੱਲ ਕਰਵਾਏ।

ਫੁੱਟ ਨੋਟ - 1. ਕਾਰਜ ਸਾਧਕ ਕਮੇਟੀ ਦੀ ਇਕੱਤਰਤਾ 30 ਮਈ 1920 ਨੂੰ ਦੁਪਿਹਰ ਦੇ ਬਾਰ੍ਹਾਂ ਵਜੇ ਦਫ਼ਤਰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਈ। ਮਤਾ ਨੰਬਰ 5, ਭਾਈ ਪ੍ਰੇਮ ਸਿੰਘ ਜੀ ਮਹੰਤ ਮੁਰਾਲੇ ਵਾਲਿਆਂ ਨੂੰ ਪ੍ਰਚਾਰ ਸਬ-ਕਮੇਟੀ ਦਾ ਮੈਂਬਰ ਬਣਾਉਣ ਲਈ ਭਾਈ ਕਰਤਾਰ ਸਿੰਘ ਜੀ ਉਪਦੇਸ਼ਕ ਦੀ ਚਿੱਠੀ ਪੇਸ਼ ਹੋ ਕੇ ਆਗਿਆ ਹੋਈ। ਸੰਤ ਜੀ ਸਬ-ਕਮੇਟੀ ਦੇ ਮੈਂਬਰ ਥਾਪੇ ਜਾਣ ਤੇ ਨਾਲੇ ਦੀਵਾਨ ਦੇ ਮੈਂਬਰ ਬਣਾਏ ਜਾਣ ਲਈ ਜਨਰਲ ਕਮੇਟੀ ਪਾਸ ਸਿਫ਼ਾਰਸ਼ ਕੀਤੀ ਜਾਵੇ। ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਅਤੇ ਜਨਰਲ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਰਜਿਸਟਰ 1920-25, ਪੰਨਾ 265, 370 ਅੱਜ 13 ਅਪ੍ਰੈਲ 1922 ਨੂੰ ਵੀਰਵਾਰ ਦੁਪਿਹਰ ਦੇ ਇਕ ਵਜੇ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਤੇ ਜਨਰਲ ਕਮੇਟੀ ਦੀ ਇਕੱਠੀ ਇਕੱਤਰਤਾ ਦੀਵਾਨ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਈ ਮਤਾ ਨੰ. 17 ਮਹੰਤ ਪ੍ਰੇਮ ਸਿੰਘ ਜੀ ਮੁਰਾਲਾ ਮੈਂਬਰ (ੳ) ਸ਼੍ਰੇਣੀ। ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਅਤੇ ਜਨਰਲ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਰਜਿਸਟਰ 1920-25, ਪੰਨਾ 370.

2. ਡਾ. ਅਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ : ਰਿਲਜੀਓ - ਪੋਲੀਟੀਕਲ ਸਟੱਡੀ (1947-90) ਅਰਮਾਨ ਪਬਲੀਕੇਸ਼ਨਜ਼, ਕਪੂਰਥਲਾ 2005, ਪੰਨਾ 24.

3. ਉਹੀ, ਪੰਨਾ 25-26.

4. **"Sant Baba Prem Singh Ji**
**Muralewale Continue Member**
**of S.G.P.C. 1922 to 1950."**
**"Sant Prem Singh Ji", Central Sikh Museum, Sri Harmandar Sahib, Amritsar.**

5. ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (1926-1976), ਪੰਨਾ 24, 71, 152, 161, 180 ਤੇ 215.

6. ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ
ਐਮ.ਐਲ.ਏ. ਜ਼ਿਲ੍ਹਾ ਗੁਜਰਾਤ
ਵਿਚੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ
ਬਿਨਾਂ ਮੁਕਾਬਲਾ ਚੁਣੇ ਗਏ ਹਨ।
ਮੁਕਾਬਲੇ ਦੇ ਸ੍ਰ. ਸੇਵਾ ਸਿੰਘ ਜੀ
ਲਾਲਾਮੂਸਾ ਨੇ ਆਪਣਾ ਨਾਮ ਵਾਪਸ
ਲੈ ਲਿਆ ਹੈ।
ਪ੍ਰੇਮ ਸੰਦੇਸ਼, ਜਿਲਦ 8, ਅੰਕ 20, 1 ਦਸੰਬਰ 1946, ਪੰਨਾ 2.

7. ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (1926-1976), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 1982, ਪੰਨੇ 174 ਅਤੇ 244.

8. ਹੇਠਲੇ ਖਾਕੇ ਤੋਂ ਸੰਤ ਪ੍ਰੇਮ ਸਿੰਘ ਜੀ ਰਾਹੀਂ ਫਰਵਰੀ 1937 ਈ. ਵਿਚ ਲਏ ਗਏ ਵੋਟਾਂ ਦੇ ਫਰਕ ਦਾ ਪਤਾ ਲੱਗਦਾ ਹੈ -

| ਲੜੀ ਨੰ. | ਉਮੀਦਵਾਰ ਦਾ ਨਾਂ | ਪਾਰਟੀ | ਪ੍ਰਾਪਤ ਵੋਟਾਂ | ਫਰਕ |
|---|---|---|---|---|
| 1. | ਸੰਤ ਪ੍ਰੇਮ ਸਿੰਘ | ਸ਼੍ਰੋਮਣੀ ਅਕਾਲੀ ਦਲ | 6901 | |
| 2. | ਸਰਦਾਰ ਬਹਾਦਰ ਹਰਬੰਸ ਸਿੰਘ | ਖ਼ਾਲਸਾ ਨੈਸ਼ਲਿਸਟ ਪਾਰਟੀ | 3602 | 3299 |

ਦ ਟ੍ਰਿਬਿਊਨ, 11 ਫਰਵਰੀ 1937.

9. "ਕੌਮੀ ਸਮਾਚਾਰ", ਪ੍ਰੇਮ ਸੰਦੇਸ਼, ਜਿਲਦ 7, ਅੰਕ 38, 23 ਜਨਵਰੀ 1946, ਪੰਨਾ 11.

10. ਹੇਠਲੇ ਖਾਕੇ ਤੋਂ ਸੰਤ ਬਾਬਾ ਪ੍ਰੇਮ ਸਿੰਘ ਰਾਹੀਂ ਫਰਵਰੀ 1946 ਈ. ਵਿਚ ਲਏ ਗਏ ਵੋਟਾਂ ਦੇ ਫਰਕ ਦਾ ਪਤਾ ਲੱਗਦਾ ਹੈ -

| ਲੜੀ ਨੰ. | ਉਮੀਦਵਾਰ ਦਾ ਨਾਂ | ਪਾਰਟੀ | ਪ੍ਰਾਪਤ ਵੋਟਾਂ | ਫਰਕ |
|---|---|---|---|---|
| 1. | ਸੰਤ ਪ੍ਰੇਮ ਸਿੰਘ | ਸ਼੍ਰੋਮਣੀ ਅਕਾਲੀ ਦਲ | 9357 | |
| 2. | ਸ. ਹਰਭਜਨ ਸਿੰਘ | ਭਾ. ਰਾਸ਼ਟਰੀ ਕਾਂਗਰਸ ਪਾਰਟੀ | 2497 | 6860 |

ਦ ਟ੍ਰਿਬਿਊਨ, 24 ਫਰਵਰੀ 1946.

# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਲੁਬਾਣਾ ਬਰਾਦਰੀ ਦੇ ਮੁੜ ਵਸੇਬੇ ਲਈ ਭੂਮਿਕਾ

**ਡਾ. ਕਮਲਜੀਤ ਸਿੰਘ, ਅਸਿਸਟੰਟ ਪ੍ਰੋਫੈਸਰ,**
**ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ**



1947 ਈ. ਵਿਚ ਦੇਸ਼ ਦੀ ਅਜ਼ਾਦੀ ਦੇ ਨਾਲ ਹੀ ਪੰਜਾਬ ਅਤੇ ਬੰਗਾਲ ਦੋ ਪ੍ਰਾਂਤਾਂ ਦੀ ਵੰਡ ਹੋਈ। ਪੰਜਾਬ ਦੀ ਵੰਡ ਪੰਜਾਬ ਦੇ ਇਤਿਹਾਸ ਵਿਚ ਇਕ ਅਦੁੱਤੀ ਅਤੇ ਵਿਸ਼ੇਸ਼ ਘਟਨਾ ਸੀ। ਇਤਿਹਾਸ ਵਿਚ ਕਿਸੇ ਵੀ ਘਟਨਾ ਦੇ ਐਨੇ ਡੂੰਘੇ ਪ੍ਰਭਾਵ ਨਹੀਂ ਪਏ, ਜਿੰਨੇ ਪੰਜਾਬ ਦੇ ਬਟਵਾਰੇ ਨੇ, ਕਿਉਂਕਿ ਉਸ ਸਮੇਂ ਲੱਖਾਂ ਲੋਕ ਮਾਰੇ ਗਏ, ਹਜ਼ਾਰਾਂ ਇਸਤਰੀਆਂ ਅਗਵਾ ਹੋਈਆਂ ਅਤੇ ਕਈ ਲੱਖਾਂ ਮਨੁੱਖਾਂ ਨੂੰ ਆਪਣਾ ਘਰ, ਜ਼ਮੀਨ, ਜਾਇਦਾਦਾਂ ਨੂੰ ਛੱਡ ਕੇ ਆਉਣਾ ਪਿਆ। ਨਹਿਰੀ ਬਸਤੀਆਂ ਵਾਲੇ ਜਰਖੇਜ ਇਲਾਕੇ, ਜੋ ਘਣੇ ਜੰਗਲਾਂ ਨੂੰ ਬਹੁਤ ਮਿਹਨਤ ਨਾਲ ਸਾਫ਼ ਕਰਕੇ ਅਤੇ ਜ਼ਮੀਨ ਨੂੰ ਪੱਧਰਾ ਕਰਕੇ ਆਬਾਦ ਕੀਤੇ ਸਨ, ਛੱਡਣੇ ਪਏ।[1]

1947 ਈ. ਵਿਚ ਪੰਜਾਬ ਦੀ ਵੰਡ ਦਾ ਲੁਬਾਣਾ ਭਾਈਚਾਰੇ ਤੇ ਬਹੁਤ ਡੂੰਘਾ ਪ੍ਰਭਾਵ ਪਿਆ। 1921 ਈ. ਦੀ ਮਰਦਮਸ਼ੁਮਾਰੀ ਦੀ ਰਿਪੋਰਟ ਅਨੁਸਾਰ ਇਸ ਭਾਈਚਾਰੇ ਦੇ 67.83 ਪ੍ਰਤੀਸ਼ਤ ਲੋਕ ਪੱਛਮੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੇ ਰਿਆਸਤਾਂ ਵਿਚ ਰਹਿ ਰਹੇ ਸਨ। ਇਹਨਾਂ ਵਿਚੋਂ 94.27 ਪ੍ਰਤੀਸ਼ਤ ਸਿੱਖ ਲੁਬਾਣੇ, 2.44 ਹਿੰਦੂ ਲੁਬਾਣੇ ਅਤੇ 3.29 ਪ੍ਰਤੀਸ਼ਤ ਮੁਸਲਮਾਨ ਲੁਬਾਣੇ ਸਨ।[2] ਪੰਜਾਬ ਦਾ ਬਟਵਾਰਾ ਧਰਮ ਦੇ ਅਧਾਰ ਤੇ ਹੋਇਆ ਸੀ। ਇਸ ਕਰਕੇ ਸਾਰੇ ਸਿੱਖ ਅਤੇ ਹਿੰਦੂ ਲੁਬਾਣਿਆਂ ਨੂੰ ਆਪਣੀਆਂ ਜਾਨਾਂ ਬਚਾ ਕੇ ਅਨੇਕਾਂ ਕਸ਼ਟ ਸਹਾਰਦੇ ਹੋਏ ਪੂਰਬੀ ਪੰਜਾਬ ਵਿਚ ਆਉਣਾ ਪਿਆ।[3] ਲੁਬਾਣਾ ਭਾਈਚਾਰੇ ਦੀ ਬਹੁਗਿਣਤੀ ਲਈ ਇਹ ਬਹੁਤ ਮੁਸੀਬਤ ਭਰਿਆ ਸਮਾਂ ਸੀ।

ਉਸ ਸਮੇਂ ਸੰਤ ਪ੍ਰੇਮ ਸਿੰਘ ਜੀ ਲੁਬਾਣਾ ਭਾਈਚਾਰੇ ਦਾ ਪ੍ਰਮੁੱਖ ਅਤੇ ਪ੍ਰਭਾਵਸ਼ਾਲੀ ਨੇਤਾ ਸਨ। ਉਹ ਪੰਜਾਬ ਵਿਧਾਨ ਸਭਾ ਦਾ 1937 ਈ. ਨੂੰ ਮੈਂਬਰ ਸੀ। ਉਹ ਇਕ ਬਹੁਤ ਦੂਰ ਅੰਦੇਸ਼ ਅਤੇ ਦਿਆਨਤਦਾਰ ਆਗੂ ਸੀ। ਉਸਨੇ ਪੰਜਾਬ ਦੀ ਵੰਡ ਦੀ ਬਹੁਤ ਗੰਭੀਰ ਸਮੱਸਿਆ ਨੂੰ ਇਕ ਮੌਕੇ ਦੇ ਤੌਰ 'ਤੇ ਲਿਆ।[4] ਪੰਜਾਬ ਦੀ ਵੰਡ ਤੋਂ ਪਹਿਲਾਂ ਇਹ ਭਾਈਚਾਰਾ ਪੂਰੇ ਪੰਜਾਬ ਖਿਲਰਿਆ ਹੋਇਆ ਸੀ।[5] ਸੰਤ ਬਾਬਾ ਪ੍ਰੇਮ ਸਿੰਘ ਨੇ ਇਹਨਾਂ ਨੂੰ ਇਕੱਠੇ ਬਨਾਉਣ ਦਾ ਨਿਗਰ ਯਤਨ ਕੀਤਾ।[6]

ਸੰਤ ਪ੍ਰੇਮ ਸਿੰਘ ਜੀ ਨੇ ਉਜੜ ਕੇ ਆਏ ਲੋਕਾਂ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ ਅਤੇ ਇਸ ਦੇ ਨਾਲ ਲੱਗਦੇ ਕਪੂਰਥਲਾ ਰਿਆਸਤ ਦੇ ਭੁਲੱਥ ਦੇ ਇਲਾਕੇ ਵਿਚ ਵਸਾਉਣਾ ਚਾਹੁੰਦੇ ਸਨ। ਇਹਨਾਂ ਇਲਾਕਿਆਂ ਵਿਚ ਪਹਿਲਾਂ ਹੀ ਇਸ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿਚ ਰਹਿ ਰਹੇ ਸਨ। 1904 ਈ. ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਵਿਚ ਲੁਬਾਣਾ ਭਾਈਚਾਰੇ ਦੇ 21 ਪਿੰਡ ਸਨ।[7] ਇਸ ਤੋਂ ਇਲਾਵਾ ਕਪੂਰਥਲਾ ਰਿਆਸਤ ਵਿਚ ਇਹਨਾਂ ਦੇ ਦੋ ਵੱਡੇ ਪਿੰਡ ਨੰਗਲ ਲੁਬਾਣਾ ਅਤੇ ਨੂਰਪੁਰ ਲੁਬਾਣਾ ਸਨ। ਇਹਨਾਂ ਦੇ ਵੱਡੇ ਪਿੰਡਾਂ ਤੋਂ ਇਲਾਵਾ ਉਹ ਰਾਏਪੁਰ ਪੀਰਬਖਸ਼, ਮਕਸੂਦਪੁਰ, ਟਾਂਡੀ ਅਤੇ ਭਦਾਸ ਵਿਚ ਵੀ ਰਹਿ ਰਹੇ ਸਨ।[8] ਇਹਨਾਂ ਦੀ ਤਮੰਨਾ ਸੀ ਕਿ ਉਹਨਾਂ ਦੇ ਭਰਾ ਜੋ ਪੱਛਮੀ ਪੰਜਾਬ ਤੋਂ ਆਏ ਸਨ, ਉਹਨਾਂ ਨੂੰ ਉਹਨਾਂ ਦੇ ਕੋਲ ਵਸਾਇਆ ਜਾਵੇ। ਇਹਨਾਂ ਇਲਾਕਿਆਂ ਵਿਚੋਂ ਮੁਸਲਮਾਨ ਵੱਡੀ ਗਿਣਤੀ ਵਿਚ ਪੱਛਮੀ ਪੰਜਾਬ ਵਿਚ ਚਲੇ ਗਏ ਸਨ।[9]

ਲੁਬਾਣਾ ਭਾਈਚਾਰੇ ਨੂੰ ਇਕੱਠੇ ਵਸਾਉਣ ਲਈ ਸੰਤ ਬਾਬਾ ਪ੍ਰੇਮ ਸਿੰਘ ਨੂੰ ਪੰਜਾਬ ਸਰਕਾਰ ਅਤੇ ਪੈਪਸੂ ਸਰਕਾਰ ਦੋਹਾਂ ਨਾਲ ਸੰਪਰਕ ਕਰਨਾ ਪਿਆ। ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਸੀ ਅਤੇ ਜ਼ਿਲ੍ਹਾ ਕਪੂਰਥਲਾ ਪੈਪਸੂ ਸਰਕਾਰ ਦੇ ਅਧਿਕਾਰ ਖੇਤਰ ਵਿਚ ਸੀ। ਲੁਬਾਣਾ ਭਾਈਚਾਰੇ ਨੂੰ ਇਕੱਠੇ ਵਸਾਉਣ ਵਾਸਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ 19 ਅਤੇ 20 ਜੂਨ 1948 ਈ. ਨੂੰ ਬੇਗੋਵਾਲ ਵਿਖੇ ਇਕ ਬਹੁਤ ਵੱਡੇ ਦੀਵਾਨ ਦਾ ਆਯੋਜਨ ਕੀਤਾ। ਉਸ ਵਿਚ ਬਹੁਤ ਵੱਡੀ ਗਿਣਤੀ ਲੁਬਾਣਾ ਭਾਈਚਾਰੇ ਤੇ ਬਾਕੀ ਫਿਰਕਿਆਂ ਦੇ ਲੋਕ ਸ਼ਾਮਲ ਹੋਏ। ਪੰਜਾਬ ਪ੍ਰਮੁੱਖ ਆਗੂ ਸ. ਈਸ਼ਰ ਸਿੰਘ ਮੁਝੈਲ ਮੁੜ ਵਸੇਬਾ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਅਤੇ ਸ. ਉਧਮ ਸਿੰਘ ਨਾਗੋਕੇ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਉਚੇਚੇ ਤੌਰ 'ਤੇ ਹਾਜ਼ਰ ਹੋਏ। ਸੰਤ ਬਾਬਾ ਪ੍ਰੇਮ ਸਿੰਘ ਨੇ ਮੁੱਖ ਤੌਰ 'ਤੇ ਲੁਬਾਣਾ ਭਾਈਚਾਰੇ ਇਕੱਠੇ ਵਸਾਉਣ ਦੀ ਗੱਲ ਕੀਤੀ।[10] ਸ. ਈਸ਼ਰ ਸਿੰਘ ਮੁਝੈਲ ਨੇ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਨੇ ਲੁਬਾਣਾ ਭਾਈਚਾਰੇ ਦੇ ਲੋਕਾਂ ਨੂੰ ਉਹਨਾਂ ਦੇ ਪਹਿਲੇ ਜ਼ਿਲ੍ਹਿਆਂ ਤੇ ਖਾਸ ਤੌਰ 'ਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵਸਾਉਣ ਦਾ ਫੈਸਲਾ ਕਰ ਲਿਆ ਹੈ।[11]

ਲੁਬਾਣਾ ਭਾਈਚਾਰੇ ਦੇ ਲੋਕਾਂ ਨੂੰ ਭੁਲੱਥ ਦੇ ਇਲਾਕੇ ਵਸਾਉਣ ਲਈ ਦੂਜਾ ਬਹੁਤ ਹੀ ਮਹੱਤਵਪੂਰਨ ਦੀਵਾਨ 18 ਅਤੇ 19 ਜੂਨ 1949 ਈ. ਨੂੰ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਰੱਖਿਆ ਗਿਆ। ਪੈਪਸੂ ਦੇ ਰਾਜ ਪ੍ਰਮੁੱਖ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ। ਸ. ਗਿਆਨ ਸਿੰਘ ਰਾੜੇਵਾਲਾ, ਜਥੇਦਾਰ ਉਧਮ ਸਿੰਘ ਨਾਗੋਕੇ ਅਤੇ ਸ. ਈਸ਼ਰ ਸਿੰਘ ਮੁਝੈਲ ਵੀ ਪਹੁੰਚੇ।[12] ਮਹਾਰਾਜਾ ਯਾਦਵਿੰਦਰ ਸਿੰਘ ਲੋਕਾਂ ਦੇ ਵਿਸ਼ਾਲ ਇਕੱਠ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸਖ਼ਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਉਸਨੇ ਸੰਤਾਂ ਦੀ ਲੁਬਾਣਾ ਭਾਈਚਾਰੇ ਨੂੰ ਭੁਲੱਥ ਦੇ ਇਲਾਕੇ ਵਿਚ ਵਸਾਉਣ ਦੀ ਮੰਗ ਨੂੰ ਪ੍ਰਵਾਨ ਕਰ ਲਿਆ। ਇਸ ਕਰਕੇ ਪੈਪਸੂ ਸਰਕਾਰ ਨੇ Lubana Allocation Scheme ਪਾਸ ਕਰਕੇ ਲੁਬਾਣਾ ਭਾਈਚਾਰੇ ਦੇ ਲੋਕਾਂ

ਨੂੰ ਭੁਲੱਥ ਦੇ ਇਲਾਕੇ ਵਿਚ ਵਸਾ ਦਿੱਤਾ।[13]

ਅਖੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਲਗਾਤਾਰ ਯਤਨਾਂ ਅਤੇ ਅਣਥੱਕ ਮਿਹਨਤ ਕਰਕੇ ਉਹ ਪੱਛਮੀ ਪੰਜਾਬ ਆਏ ਲੁਬਾਣਾ ਭਾਈਚਾਰੇ ਦੇ ਵੱਡੇ ਹਿੱਸੇ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਅਤੇ ਉਸਦੇ ਨਾਲ ਲੱਗਦੇ ਕਪੂਰਥਲਾ ਰਿਆਸਤ ਦੇ ਭੁਲੱਥ ਦੇ ਇਲਾਕੇ ਵਿਚ ਵਸਾਉਣ ਲਈ ਸਫਲ ਹੋਏ। ਇਹ ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਸੀ। ਇਸ ਭਾਈਚਾਰੇ ਵਿਚ ਏਕਤਾ ਆਈ ਅਤੇ ਭਾਈਚਾਰੇ ਨੂੰ ਰਾਜਨੀਤਕ ਤਾਕਤ ਪ੍ਰਾਪਤ ਹੋਈ।

ਫੁੱਟ ਨੋਟ - 1. ਡਾ. ਜਸਵੰਤ ਸਿੰਘ, ਸੰਤ ਪ੍ਰੇਮ ਸਿੰਘ ਜੀ ਮੁਰਾਲਾ ਇਕ ਵਿਲੱਖਣ ਸ਼ਖ਼ਸ਼ੀਅਤ (1882-1950) ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2010, ਪੰਨਾ 100; ਕ੍ਰਿਪਾਲ ਸਿੰਘ, "ਭੂਮਿਕਾ" ਪੰਜਾਬ ਦਾ ਬਟਵਾਰਾ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1972, ਪੰਨਾ 12 ਅਤੇ ਗਿਆਨੀ ਸੋਹਨ ਸਿੰਘ ਸੀਤਲ, ਪੰਜਾਬ ਦਾ ਉਜਾੜਾ, ਨਰਿੰਦਰ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ 1948, ਪੰਨਾ 199.

2. **Middleton and S.M. Jacobe, Report on the Census of India 1921, Vol. XV, Part II, Civil and Military Gazette Press, Lahore 1923, P. 231.**

3. ਗਿਆਨੀ ਪ੍ਰਤਾਪ ਸਿੰਘ, ਪਾਕਿਸਤਾਨੀ ਘੱਲੂਘਾਰਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ 1948, ਪੰਨਾ 237.

4. ਭਗਤ ਸਿੰਘ, "ਸਾਡੀ ਵਿਦਿਅਕ ਦਸ਼ਾ", ਲੋਬਾਣਾ ਸੇਵਕ, ਫਰਵਰੀ 1955, ਪੰਨਾ 5.

5. ਸੀ.ਐਲ. ਟੂਪਰ, ਪੰਜਾਬ ਕਸਟਮਰੀ ਲਾ, ਜਿਲਦ 2, ਗਵਰਨਮੈਂਟ ਪ੍ਰਿੰਟਿੰਗ ਪ੍ਰੈਸ, ਕਲਕੱਤਾ 1881, ਪੰਨਾ 65.

6. ਭਗਤ ਸਿੰਘ, "ਸਾਡੀ ਵਿਦਿਅਕ ਦਸ਼ਾ", ਲੋਬਾਣਾ ਸੇਵਕ, ਫਰਵਰੀ 1955, ਪੰਨਾ 5.

7. **The Lobanas hold 21 villages in Tahsil Dasuya DC Hoshiarpur 1904, P. 61.**

8. ਡਾ. ਜਸਵੰਤ ਸਿੰਘ, ਸੰਤ ਪ੍ਰੇਮ ਸਿੰਘ ਜੀ ਮੁਰਾਲਾ : ਇਕ ਵਿਲੱਖਣ ਸ਼ਖ਼ਸ਼ੀਅਤ (1882-1950), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2010, ਪੰਨਾ 102.

9. **The muslim Population from Kapurthala district migrated to Pakistan : DC Kapurthala 1984, P. 43 and D.C. Hoshiarpur 1980, P. 61.**

10. ਗੁਲਚਰਨ ਸਿੰਘ, ਜੀਵਨੀ ਸੰਤ ਪ੍ਰੇਮ ਸਿੰਘ ਜੀ (ਮੁਰਾਲਾ), ਪੰਨਾ 63.

11. **The Honourable Sardar Ishar Singh Mujhail Minister for Relif and Rehabilitation in answer to a question No. 71 of Dr. Lehna Singh Sethi regarding to the allotment of districts to the refugees gave the following statement in the Punjab Legislative assembly on 18th March 1948.**

| | |
|---|---|
| **From** | **Statement** |
| **Lobana Sikhs** | **To** |
| **East Punjab Legislative** | **In, their original district in East Punjab and Hoshiarpur district, Assembly Depates 18th March 1948,** |

**Vol. II, No. 10, Official Report, P. 429.**

12. ਗੁਲਚਰਨ ਸਿੰਘ, ਜੀਵਨੀ ਸੰਤ ਪ੍ਰੇਮ ਸਿੰਘ ਜੀ (ਮੁਰਾਲਾ), ਪੰਨਾ 64.

13. **The Lubanas were approved for settlement in Kapurthala district in virtue of preference expressed by them. Tarlok Singh, Land Resettlement Manual for Displaced persons in Punjab & Pepsu, P. 391. S. Harcharan Singh Minister for Revenue in answer to a question No. 208 of Baba Harnam Singh regarding to the Lobana Allocation scheme in the pepsu Legislative Assembly on 14th July 1956. Under the Lobana Sikh refugees are to be settled in district Kapurthala, but alternative accommodation was also provided in Tahsil Rajura where area was available.**

**Pepsu legisative assembly depates, Vol. No. IV, Serial No. 5, 14 July 1956, Official Report, P. 312.**

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**





**ਹਰਮਨਪ੍ਰੀਤ ਸਿੰਘ**
**ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਮਈ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਮਈ ਮਹੀਨੇ ਦੀ ਕੁੱਲ ਆਮਦਨ (ਰੁਪਏ) - 5,10,065.00/- ਰੁਪਏ

ਮਈ ਮਹੀਨੇ ਦਾ ਕੁੱਲ ਖਰਚ (ਰੁਪਏ) - 4,59,979.80/- ਰੁਪਏ

2. **ਮਈ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨਦੇ ਗੁਰੂ ਘਰ ਵਿਖੇ ਚੇਤ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 14 ਮਈ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਜਿਸ ਵਿੱਚ ਲਗਭਗ 10-15 ਮੈਂਬਰਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਵਨੀਤ ਬਾਨੀ ਲਾਂਬਾ ਵਲੋ ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਠੀਕ ਚੱਲ ਰਿਹਾ ਹੈ ਜਿਸ ਵਿੱਚ ਮਈ ਮਹੀਨੇ ਵਿੱਚ 15 ਲਾਭ ਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਵਿਸ਼ੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਐਨ.ਓ.ਸੀ. ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਕਿਉਂਕਿ ਮੁਲਾਜ਼ਮਾਂ ਦੀ ਇਲੈਕਸ਼ਨ ਵਿੱਚ ਡਿਊਟੀ ਲੱਗੀ ਹੋਣ ਕਰਕੇ ਉਹਨਾਂ ਨੇ ਇਲੈਕਸ਼ਨ ਰਿਜ਼ਲਟ ਤੋਂ ਬਾਅਦ ਦਫ਼ਤਰ ਆਉਣ ਦੀ ਸਲਾਹ ਦਿੱਤੀ ਹੈ।

5. **ਜ਼ਰੂਰਤ ਤੇ ਹੋਣਹਾਰ ਬੱਚਿਆਂ ਨੂੰ ਵਜੀਫ਼ੇ ਦੇਣ ਸੰਬੰਧੀ** - 'ਲੁਬਾਣਾ ਸੇਵਕ' ਮੈਗਜ਼ੀਨ ਵਿੱਚ ਬਿਨੈ-ਪੱਤਰ ਫ਼ਾਰਮ ਪ੍ਰਾਪਤ ਕਰਨ ਦੀ ਮਿਤੀ 31.01.2024 ਰੱਖੀ ਗਈ ਸੀ, ਜਿਸ ਵਿਚ ਕੁੱਲ 33 ਫ਼ਾਰਮ ਮਿਲੇ ਹਨ ਅਤੇ ਸ੍ਰ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.) ਕਾਰਜਕਾਰੀ ਮੈਂਬਰ ਅਤੇ ਵਜੀਫ਼ਾ ਵੰਡ ਸਬ-ਕਮੇਟੀ ਦੇ ਚੇਅਰਮੈਨ ਵਲੋਂ ਸਾਰੇ ਫਾਰਮਾਂ ਨੂੰ ਚੈਕ ਕਰਕੇ ਅਤੇ ਪ੍ਰਧਾਨ ਜੀ ਵਲੋਂ ਮਨਜ਼ੂਰੀ ਪ੍ਰਾਪਤ ਕਰਕੇ ਬੱਚਿਆਂ ਨੂੰ ਵਜ਼ੀਫ਼ਿਆਂ ਦੀ ਅਦਾਇਗੀ 31 ਮਾਰਚ 2024 ਨੂੰ, ਜਿਸ ਦੀ ਬਣਦੀ ਕੁੱਲ ਰਾਸ਼ੀ 2,53,800 ਰੁਪਏ ਸੀ, ਜਿਸ ਵਿਚੋਂ 29 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ 31 ਮਾਰਚ 2024 ਨੂੰ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਕਰ ਦਿੱਤੀ ਗਈ ਸੀ ਅਤੇ 4 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਅਦਾ ਕਰਨ ਲਈ ਦੇਰੀ ਹੋ ਰਹੀ ਸੀ ਅਤੇ ਬੈਂਕ ਖਾਤੇ ਸਹੀ ਹੋਣ ਤੋਂ ਬਾਅਦ ਉਹਨਾਂ ਦੇ ਵਜ਼ੀਫ਼ਿਆਂ ਦੀ ਅਦਾਇਗੀ, ਜਿਸ ਦੀ ਕੁਲ ਰਾਸ਼ੀ 33,600/- ਰੁਪਏ ਬਣਦੀ ਸੀ, ਬੈਂਕ ਖਾਤਿਆਂ ਵਿਚ ਕਰ ਦਿੱਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਮਨਮੀਤ ਕੌਰ 7200/-

2. ਵਿਸ਼ਵਪ੍ਰੀਤ ਕੌਰ 7200/-

3. ਮਾਨਯਾ ਦੱਤਾ 7200/-

4. ਇਸ਼ਪ੍ਰੀਤ ਕੌਰ 12000/-

ਜਿਵੇਂ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਹਮੇਸ਼ਾ ਤੋਂ ਹੀ ਜ਼ਰੂਰਤਮੰਦ, ਹੋਣਹਾਰ ਅਤੇ ਲੋੜਵੰਦ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਲਈ ਵਜ਼ੀਫ਼ਿਆਂ ਦੇ ਰੂਪ ਵਿਚ ਮਦਦ ਕਰਦਾ ਹੀ ਹੈ, ਇਸੇ ਤਰ੍ਹਾਂ ਜਸਪ੍ਰੀਤ ਕੌਰ ਸਪੁੱਤਰੀ ਸ: ਸੁਖਦੇਵ ਸਿੰਘ ਜੋ ਕਿ ਬੀ.ਏ. (ਦੂਜੇ ਸਮੈਸਟਰ), ਸੰਤ ਮਾਝਾ ਸਿੰਘ ਕਰਮਜੋਤ ਕਾਲਜ ਫ਼ਾਰ ਵੂਮੈਨ, ਮਿਆਨੀ, ਹੁਸ਼ਿਆਰਪੁਰ ਵਿਚ ਪੜ੍ਹਦੀ ਹੈ, ਨੂੰ ਉਸਦੀ ਹੌਂਸਲਾ ਅਫ਼ਜਾਈ ਲਈ ਰਾਸ਼ੀ 13,990/- ਰੁਪਏ ਦੀ ਅਦਾਇਗੀ ਉਸਦੇ ਖਾਤੇ ਵਿਚ ਮਦਦ ਦੇ ਤੌਰ 'ਤੇ ਕੀਤੀ ਗਈ।

**6. ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਦੀ ਮੁਰੰਮਤ ਬਾਰੇ** - ਭਵਨ ਵਿਚ ਲੱਗੇ ਮੇਨ ਏ.ਸੀ. ਪਲਾਂਟ ਦੀ ਰਿਪੇਅਰ ਦਾ ਕੰਮ ਪੂਰਾ ਹੋ ਚੁੱਕਾ ਹੈ ਜਿਸ ਤੇ 53,218/- ਰੁਪਏ ਦਾ ਖਰਚਾ ਹੋਇਆ ਹੈ ।ਇਸ ਤੋਂ ਇਲਾਵਾ ਲਾਇਬ੍ਰੇਰੀ ਅਤੇ ਦਫ਼ਤਰਾਂ ਵਿੱਚ ਲੱਗੇ ਏ.ਸੀ. ਦੀ ਸਰਵਿਸ ਅਤੇ ਗੈਸ ਟੋਪਅੱਪ ਤੇ ਹੋਰ ਮੁਰੰਮਤ ਦਾ ਕੰਮ ਜਿਸ ਤੇ ਕੁੱਲ 17,700/- ਰੁਪਏ ਦਾ ਖਰਚਾ ਹੋਇਆ, ਇਸ ਤੋ ਇਲਾਵਾ ਬਿਜਲੀ ਦੇ ਬਿੱਲ ਦੀ ਅਦਾਇਗੀ 13,500/- ਰੁਪਏ ਦੀ ਕੀਤੀ ਗਈ। ਇਸ ਤੋਂ ਇਲਾਵਾ ਭਵਨ ਵਿਖੇ ਤਿੰਨ ਕਮਰਿਆਂ ਦੀ ਦਿੱਖ ਨੂੰ ਹੋਰ ਸੋਹਣਾ ਬਣਾਉਣ ਲਈ ਆਧੁਨਿਕ ਲੁਕਿੰਗ ਗਲਾਸ ਲਗਵਾਏ ਗਏ।

**7. ਪ੍ਰਾਪਰਟੀ ਟੈਕਸ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਸਾਲਾਨਾ ਪ੍ਰਾਪਰਟੀ ਟੈਕਸ ਦੀ ਅਦਾਇਗੀ ਸਮੇਂ ਅਨੁਸਾਰ 1,27,389.80/- ਰੁਪਏ ਕਰ ਦਿੱਤੀ ਗਈ ਹੈ।

**8. ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਨੂੰ ਅੱਗੇ ਵਧਾਉਣ ਲਈ ਕਾਰਜਕਾਰੀ ਕਮੇਟੀ ਵਲੋਂ ਇੱਕ ਨਵੀਂ ਕਮੇਟੀ ਦੀ ਗਠਨ ਕੀਤਾ ਜਾਵੇਗਾ ਜੋ ਕਿ ਇਸ ਕੰਮ ਉੱਤੇ ਛੇਤੀ ਤੋਂ ਛੇਤੀ ਆਪਣੀ ਬਣਦੀ ਕਾਰਵਾਈ ਸ਼ੁਰੂ ਕਰ ਸਕੇ ਤਾਂ ਜੋ ਇਸ ਦੀ ਸਥਿਤੀ ਵਿਚ ਬਦਲਾਵ ਹੋ ਸਕੇ।

**9. ਆਫ਼ਿਸ ਅਹੁਦੇਦਾਰਾਂ ਦੀ ਨਿਯੁਕਤੀਆਂ** - ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਵਲੋਂ ਵੱਖ-ਵੱਖ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰ ਦਿੱਤੀਆ ਗਈਆਂ ਹਨ ਅਤੇ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਅਤੇ ਸ਼ਪੈਸ਼ਲ ਇਨਵਾਇਟੀ ਮੈਂਬਰਾਂ ਸੰਬੰਧੀ ਨਿਯੁਕਤੀਆਂ ਦਾ ਕੰਮ ਪ੍ਰਤੀਕ੍ਰਿਆ ਵਿਚ ਹੈ ਅਤੇ ਜਲਦੀ ਹੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਬੁਲਾਈ ਜਾਏਗੀ।

**10. ਵਰਕਿੰਗ ਕਮੇਟੀ ਦੇ ਗਠਨ ਬਾਰੇ** - ਵਰਕਿੰਗ ਕਮੇਟੀ ਦਾ ਗਠਨ ਕਿਤਾ ਜਾ ਚੁੱਕਾ ਹੈ ਜਿਸ ਦੀ ਪਹਿਲੀ ਮੀਟਿੰਗ 29 ਅਪ੍ਰੈਲ 2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਹੋਈ ਸੀ ਜਿਸ ਵਿੱਚ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਸਹਿਤ 13 ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਆਪਸੀ ਜਾਣ-ਪਛਾਣ ਕਰਾਈ ਗਈ। ਵਰਕਿੰਗ ਕਮੇਟੀ ਵਿੱਚ ਪਾਸ ਕੀਤੇ ਗਏ ਏਜੰਡੇ ਦੇ ਨੁਕਤਿਆਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਨੇ ਏਜੰਡੇ ਦੇ ਸਾਰੇ ਮੁੱਦਿਆਂ ਤੇ ਰੋਸ਼ਨੀ ਪਾਈ ਅਤੇ ਸੁਝਾਅ ਪੇਸ਼ ਕੀਤੇ ਅਤੇ ਭਵਨ ਦੀ ਬਿਹਤਰੀ ਲਈ ਮੈਂਬਰਾਂ ਵਲੋਂ ਦਿੱਤੇ ਗਏ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਵੀ ਕੀਤਾ ਜਾਵੇਗਾ।

**11. ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਸਰਕਾਰ ਵਲੋਂ ਨੋਟਿਸ ਆਉਣ ਉਪਰੰਤ ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਦਾ ਕੰਮ ਰੋਕਿਆ ਹੋਇਆ ਹੈ। ਅਸਟੇਟ ਆਫ਼ਿਸ ਤੋਂ ਐਨ.ਓ.ਸੀ. ਦੀ ਪ੍ਰਾਪਤੀ ਅਤੇ ਸੋਧੇ ਹੋਏ ਬਿਲਡਿੰਗ ਪਲਾਨ ਦੀ ਮਨਜ਼ੂਰੀ ਹੋਣ ਤੱਕ ਇਹ ਕੰਮ ਰੋਕਿਆ ਗਿਆ ਹੈ। ਅਸਟੇਟ ਆਫ਼ਿਸ ਵਲੋਂ ਐਨ.ਓ.ਸੀ. ਜਾਂ ਸਰਕਾਰ ਵਲੋਂ ਉਸਾਰੀ ਬਾਰੇ ਹੋਰ ਕੋਈ ਹਿਦਾਇਤ ਮਿਲਣ ਉਪਰੰਤ ਨਵੀਂ ਕਾਰਜਕਰਨੀ ਕਮੇਟੀ ਦੀ ਦੇਖ-ਰੇਖ ਵਿੱਚ ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਦਾ ਕੰਮ ਸ਼ੁਰੂ ਹੋਣ ਤੇ ਆਪ ਸਭ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

12. **ਡਿਸਪੋਜ਼ਲ (ਸਕਰੈਪ) ਕਮੇਟੀ)** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਵਿੱਚ ਕਾਫ਼ੀ ਸਮੇਂ ਤੋਂ ਕੁੱਛ ਸਕਰੈਪ ਇਕੱਠਾ ਹੋਇਆ ਸੀ, ਜਿਸ ਕਰਕੇ ਕਾਫ਼ੀ ਥਾਂ ਘੇਰੀ ਹੋਈ ਸੀ। ਇਸ ਕਰਕੇ ਇਸ ਨੂੰ ਡਿਸਪੋਜ਼ ਔਫ਼ ਕਰਨ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਕਰਨਲ ਗੁਰਦੀਪ ਸਿੰਘ, ਵਾਇਸ ਪ੍ਰਧਾਨ, ਹੈ.ਕੁ. ਅਤੇ ਸ: ਨਿਰਮਲ ਸਿੰਘ ਅਤੇ ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.) ਮੈਂਟੀਨੈਂਸ ਸਕੱਤਰ ਮੈਂਬਰ ਹਨ। ਇਹ ਕੰਮ ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ, ਹੈ.ਕੁ. ਦੀ ਦੇਖ-ਰੇਖ ਵਿੱਚ ਕੀਤਾ ਜਾ ਰਿਹਾ ਹੈ। ਸਾਰੇ ਸਕਰੈਪ ਦੀ ਪ੍ਰਾਪਤ ਰਾਸ਼ੀ ਭਵਨ ਦੇ ਖਾਤੇ ਵਿੱਚ ਜਮ੍ਹਾ ਕਰ ਦਿੱਤੀ ਜਾਵੇਗੀ।

ਪ੍ਰਧਾਨ ਜੀ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਾਂਝੇ ਉਸਾਰੀ ਕਾਰਜ ਜੋ ਕਿ ਸੰਸਥਾ ਦੇ ਹਿੱਤ ਵਿੱਚ ਹੈ, ਲਈ ਯਥਾ-ਸ਼ਕਤੀ ਅਤੇ ਸਵੈ-ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ-ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾ ਆਨਲਾਈਨ ਬੈਂਕ ਖਾਤੇ ਰਾਹੀ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ (ਰਜਿ.),ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ।

# ਖੁਸ਼ਖਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

ਸਾਕਾ ਨੀਲਾ ਤਾਰਾ ਦਿਵਸ ਤੇ ਵਿਸ਼ੇਸ਼

# ਕੁਝ ਪੰਥਕ ਸਮਾਚਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਦੇ ਹਾਲਾਤ 4 ਜੂਨ, 1984



ਕੁਝ ਸਮਾਂ ਪਹਿਲਾਂ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ '1984 ਦਾ ਦੁਖਾਂਤ' ਕਥਾ ਸੁਣੀ। ਜਿਸ ਵਿਚ ਉਨ੍ਹਾਂ ਨੇ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ ਲਿਖੀ ਇਕ ਚਿੱਠੀ ਦਾ ਜ਼ਿਕਰ ਕੀਤਾ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਦੌਰਾਨ ਹੋਏ ਨੁਕਸਾਨ ਦਾ ਜ਼ਿਕਰ ਕੀਤਾ ਸੀ। ਉਸ ਚਿੱਠੀ ਵਿਚ ਅਜਿਹਾ ਕੀ ਲਿਖਿਆ ਸੀ, ਜਿਸ ਨੂੰ ਪੜ੍ਹ ਕੇ ਮਸਕੀਨ ਜੀ ਰੋ ਪਏ। ਸਿੰਘ ਸਾਹਿਬ ਮੇਰੇ ਦਾਦਾ ਜੀ ਸਨ, ਇਸ ਨਾਤੇ ਉਸ ਚਿੱਠੀ ਦੇ ਤੱਥਾਂ ਬਾਰੇ ਮੇਰੀ ਵੀ ਉਤਸੁਕਤਾ ਵੱਧ ਗਈ ਤਾਂ ਮੈਂ ਆਪਣੇ ਚਾਚਾ ਜੀ ਨੂੰ ਉਸ ਚਿੱਠੀ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਮੈਨੂੰ ਸਿੰਘ ਸਾਹਿਬ ਵੱਲੋਂ ਹੱਥ ਲਿਖਤ ਚਾਰ ਕਾਪੀਆਂ ਦੇ ਦਿੱਤੀਆਂ। ਉਨ੍ਹਾਂ ਕਾਪੀਆਂ 'ਚ ਕੁਝ ਦਰਬਾਰ ਸਾਹਿਬ ਨਾਲ ਸਬੰਧਤ ਘਟਨਾਵਾਂ ਤੇ ਕੁਝ ਉਨ੍ਹਾਂ ਦੀਆਂ ਦੇਸ਼ ਵਿਦੇਸ਼ ਵਿਚ ਸਿੱਖੀ ਦੇ ਪ੍ਰਚਾਰ ਲਈ ਕੀਤੀਆਂ ਯਾਤਰਾਵਾਂ ਬਾਰੇ ਲਿਖੇ ਲੇਖ ਸਨ। ਲੇਕਿਨ ਜਿਸ ਚਿੱਠੀ ਨੂੰ ਲੱਭਣ ਲਈ ਮੈਂ ਉਤਸੁਕਤ ਸੀ ਉਹ ਮੈਨੂੰ ਇਨ੍ਹਾਂ ਕਾਪੀਆਂ ਵਿਚੋਂ ਤਾਂ ਮਿਲ ਹੀ ਗਈ ਨਾਲ ਹੀ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਦਰ ਹੋਏ ਹਰ ਤਰ੍ਹਾਂ ਦੇ ਨੁਕਸਾਨ ਦਾ ਵੇਰਵਾ ਮਿਲ ਗਿਆ। ਸਿੰਘ ਸਾਹਿਬ ਦੀ ਸ੍ਰੀ ਦਰਬਾਰ ਸਾਹਿਬ ਪ੍ਰਤੀ 40 ਸਾਲ ਦੀ ਸੇਵਾ ਅਤੇ ਗੁਰੂ ਰਾਮਦਾਸ ਜੀ ਦੇ ਇਸ ਪਵਿੱਤਰ ਅਸਥਾਨ ਪ੍ਰਤੀ ਡੂੰਘੀ ਸ਼ਰਧਾ ਦੇ ਫਲਸਵਰੂਪ ਉਨ੍ਹਾਂ ਦੇ ਦਿਲ ਤੇ ਇਸ ਦੁਖਦਾਈ ਘਟਨਾ ਦੀ ਡੂੰਘੀ ਸੱਟ ਲੱਗੀ ਅਤੇ ਕਰਫਿਊ ਦੌਰਾਨ ਗੁਰੂ ਦੀ ਕਿਰਪਾ ਸਦਕੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਦਾ ਮੌਕਾ ਮਿਲਿਆ ਅਤੇ ਬਹੁਤ ਹੀ ਦੁਖੀ ਮਨ ਨਾਲ ਫੌਜ ਵੱਲੋਂ ਕੀਤੇ ਹਰ ਨੁਕਸਾਨ ਨੂੰ ਬਰੀਕੀ ਨਾਲ ਨੋਟ ਕੀਤਾ ਅਤੇ ਫਿਰ ਘਰ ਆ ਕੇ ਕਾਪੀ ਵਿਚ ਲਿਖਿਆ। ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਰਿਆਦਾ ਨੂੰ ਬਹੁਤ ਸਖ਼ਤੀ ਨਾਲ ਨਿਭਾਉਣ ਲਈ ਜਾਣੇ ਜਾਂਦੇ ਸਨ, ਉਹ ਮਾਰਚ 2000 ਵਿਚ ਅਕਾਲ ਚਲਾਣਾ ਕਰ ਗਏ ਅਤੇ ਇਹ ਇਤਿਹਾਸ ਦੇ ਵਰਕੇ ਕਾਪੀ ਵਿਚ ਹੀ ਲਿਖੇ ਰਹਿ ਗਏ। ਜੋ ਹੁਣ ਮੈਂ ਲੁਬਾਣਾ ਸੇਵਕ ਮੈਗਜ਼ੀਨ ਨੂੰ ਪ੍ਰਕਾਸ਼ਨ ਲਈ ਭੇਜ ਰਿਹਾ ਹਾਂ।

ਪੀ.ਪੀ. ਸਿੰਘ (ਸਾਬਕਾ ਪੀ.ਸੀ.ਐਸ.)
ਜਲੰਧਰ ਕੈਂਟ, 98766-27547

ਕੁਝ ਸਮੇਂ ਤੋਂ ਪੰਜਾਬ ਵਿੱਚ ਨਾਮਧਰੀਕ ਨਿਰੰਕਾਰੀ ਲਹਿਰ ਗੁਰਬਚਨ ਸਿੰਘ ਨਿਰੰਕਾਰੀ ਨੇ ਚਲਾਈ ਅਤੇ ਉਨ੍ਹਾਂ ਵੱਲੋਂ ਛਪਾਈਆ ਪੁਸਤਕਾਂ ਵਿੱਚ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੇ ਸੰਬੰਧ ਵਿੱਚ ਬੜੇ ਮਾੜੇ ਸ਼ਬਦ ਵਰਤ ਕੇ ਸਿੱਖਾਂ ਦੇ ਦਿਲਾਂ ਨੂੰ ਭਾਰੀ ਦੁੱਖ ਪਹੁੰਚਾਇਆ ਜਿਸ ਕਾਰਨ ਸਿੱਖਾਂ ਵਿੱਚ ਭਾਰੀ ਜੋਸ਼ ਪੈਦਾ ਹੋ ਗਿਆ। ਸੰਨ 1978 ਦੀ ਵੈਸਾਖੀ ਵਾਲੇ ਦਿਨ ਇਨ੍ਹਾਂ ਇਕ ਸਮਾਗਮ ਸ੍ਰੀ ਅੰਮ੍ਰਿਤਸਰ ਗੋਬਿੰਦਗੜ੍ਹ ਕਿਲ੍ਹੇ ਦੇ ਪਾਸ ਰੱਖਿਆ। ਇਨ੍ਹਾਂ ਦੇ ਇਸ ਮਾੜੇ ਪ੍ਰਚਾਰ ਨੂੰ ਰੋਕਣ ਲਈ ਕੁਝ ਸਿੰਘਾਂ ਦਾ ਇਕ ਜਥਾ ਇਨ੍ਹਾਂ ਦੇ ਸਮਾਗਮ ਸਥਾਨ ਤੇ ਗਿਆ। ਨਿਰੰਕਾਰੀ ਮੁਖੀ ਅਤੇ ਉਸ ਦੇ ਸਾਥੀਆਂ ਨੇ ਜਥੇ ਜਾਂਦਿਆਂ ਹੀ



ਫਾਇਰ ਕਰ ਦਿੱਤੇ ਅਤੇ 13 ਸਿੰਘ ਇਸ ਜਥੇ ਦੇ ਸ਼ਹੀਦ ਹੋ ਗਏ। ਇਨ੍ਹਾਂ ਸਿੰਘਾਂ ਦਾ ਸੰਬੰਧ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਸੀ। ਸਿੰਘਾਂ ਨੂੰ ਸ਼ਹੀਦ ਕਰਕੇ ਆਪ ਝੱਟ-ਪੱਟ ਕਾਰ ਵਿੱਚ ਬੈਠ ਕੇ ਨਿਕਲ ਗਿਆ। ਨਿਰੰਕਾਰੀਆਂ ਦੇ ਖ਼ਿਲਾਫ਼ ਕੇਸ ਕਰਨਾਲ ਵਿਚ ਚੱਲਿਆ। ਪਰ ਸਾਰੇ ਮੁਲਜ਼ਮ ਬਰੀ ਹੋ ਗਏ। ਸਰਕਾਰ ਨਿਰੰਕਾਰੀਆਂ ਦੀ ਮੱਦਦ ਕਰਦੀ ਸੀ। ਕੁਝ ਕੁ ਹਿੰਦੂ ਨੇਤਾ ਵੀ ਇਨ੍ਹਾਂ ਦੀ ਮੱਦਦ ਕਰਦੇ ਸੀ। ਇਸ ਲਈ ਸਿੱਖਾਂ ਵਿਚ ਬਹੁਤ ਰੰਜ਼ਸ਼ ਵਧਿਆ। ਕੁਝ ਸਿੰਘ ਸਰਕਾਰ ਦੀ ਸ਼ਹਿ ਨਾਲ ਦਿੱਲੀ ਅਤੇ ਕਾਹਨਪੁਰ ਵੀ ਸ਼ਹੀਦ ਹੋ ਗਏ। ਸਿੱਖ ਜਗਤ ਵਿਚ ਹਾਹਾਕਾਰ ਮੱਚ ਗਈ। ਐਸੇ ਦਰਦਨਾਕ ਹਾਲਾਤ ਨੂੰ ਸਾਹਮਣੇ ਰੱਖ ਕੇ ਸਿੱਖ ਸੰਗਤਾਂ ਦੀ

ਮੰਗ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਨ੍ਹਾਂ ਨਿਰੰਕਾਰੀਆਂ ਦੀ ਬਰਖ਼ਿਲਾਫ਼ ਇਕ ਹੁਕਮਨਾਮਾ ਜਾਰੀ ਕੀਤਾ ਗਿਆ, ਜਿਸ ਦੀ ਨਕਲ ਹੇਠ ਅਨੁਸਾਰ ਜਾਰੀ ਕੀਤੀ ਗਈ ਤੇ ਇਥੇ ਸ਼ਹਾਦਤ ਲਿਖੀ ਗਈ

**੧ੴ ਵਾਹਿਗੁਰੂ ਜੀ ਕੀ ਫ਼ਤਿਹ**

**ਸ੍ਰੀ ਅਕਾਲ ਜੀ ਸਹਾਇ**

**ਹੁਕਮਨਾਮਾ**

**ਦੇਗ ਤੇਗ ਫ਼ਤਿਹ ਮੁਸੱਰਤ ਹੋਂਦ ਰੰਗ**

**ਬਾਬਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ**

ਸਰਬੱਤ ਖਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਨ ਸ੍ਰੀ ਗੁਰੂ ਅਕਾਲ ਪੁਰਖਣ ਹੁਕਮ ਨੂੰ ਸਵੀਕਾਰ ਕਰਨ ਵਿੱਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਇਆ ਨਿੱਘ ਹੈ ਅਤੇ ਉਸਦੀ ਰਜਾ ਵਿੱਚ ਸਰਬਸੁਖ ਅਤੇ ਦਾਤਾਂ ਪ੍ਰਾਪਤ ਹੁੰਦੀਆਂ ਹਨ। ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮਤ ਦਾ ਪ੍ਰਕਾਸ਼ ਹੋਇਆ ਹੈ ਅਤੇ ਖਾਲਸੇ ਦਾ ਬਿਰਧ ਹੈ।

**ਧਰਮ ਚਲਾਵਨ ਸੰਤ ਉਭਾਰਨ**

**ਦੁਸਟ ਸੰਭਵ ਤੋਂ ਮੂਲ ਉਧਾਰਨ**

ਕੁਝ ਸਮੇਂ ਸਾਡੇ ਦੇਸ਼ ਵਿੱਚ ਅਖੌਤੀ ਨਿਰੰਕਾਰੀ ਦਿੱਲੀ ਦੀ ਸੰਗਿਆ ਹੇਠ ਚਲ ਰਹੀ ਲਹਿਰ ਜਿਸ ਦਾ ਮੁਖੀ ਗੁਰਬਚਨ ਸਿੰਘ ਉਸਦਾ ਨਿਸ਼ਾਨਾ ਧਰਤ ਤੋਂ ਸਦਾਚਾਰ ਨੂੰ ਬਿਨਾਸ਼ ਕਰਨਾ ਹੈ ਹੀ ਪਰ ਉਹ ਸਿੱਖੀ ਤੇ ਖਾਲਸੇ ਦੇ ਸਿਧਾਂਤਾਂ ਰਹੁ ਰੀਤਾਂ ਦੇ ਗੋਕਲ ਉੱਤੇ ਵਿਸ਼ੇਸ਼ ਹਮਲੇ ਕਰ ਰਿਹਾ ਹੈ ਜਿਸਦੇ ਪ੍ਰਣਾਲੀ ਕਾਰਨ ਦੇਸ ਵਿੱਚ ਕਈ ਥਾਂਵਾਂ ਤੇ ਗੰਬੀਰ ਫਸਾਦ ਹੋ ਚੁੱਕੇ ਹਨਅਤੇ ਪਿਛਲੀ ਵਿਸਾਖੀ13ਅਪ੍ਰੈਲ 1978ਨੂੰ ਇਸੇ ਕਾਰਨ ਸ੍ਰੀ ਅਮ੍ਰਿਤਸਰ ਵਿੱਚ ਅਨੇਕ ਸਿੰਘ ਸ਼ਹੀਦ ਹੋਏ। ਧਰਮ ਤੇ ਸਿੱਖੀ ਦੇ ਇਹ ਸਤਰੂ ਆਪਣੇ ਆਪ ਨੂੰ ਸੰਤ ਨਿਰੰਕਾਰੀ ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਇਸ਼ਵਰ ਦਾ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁਖਾਂ ਨੂੰ ਹੀ ਮਨੁੱਖਾਂ ਜਨਮ ਦਾ ਮੁੱਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉਚ ਉੱਤਮ ਸਿਧਾਂਤ ਸ਼ਬਦ ਗੁਰੂ ਤੋਂ ਮੁਨਕਰ ਹੋ ਕੇ ਦੇਹ ਧਾਰੀ ਮਨੁੱਖਾਂ ਦੀ ਪੂਜਾ ਦਾ ਪ੍ਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ ਇਹ ਕਹਿ ਕੇ ਕਰਦੇ ਹਨ ਕਿ ਪਾਪ ਅਤੇ ਪੁੰਨ ਐਵੇਂ ਮਨੋ ਕਲਪਤ ਹਨ। ਇਨ੍ਹਾਂ ਦਾ ਇਹ ਪ੍ਰਚਾਰ ਸੰਸਾਰ ਦੇ ਧਰਮ ਸਦਾਚਾਰਕ ਵਿਧਾਨਾਂ ਵਾਸਤੇ ਇਕ ਮਾਰੂ ਹਮਲਾ ਹੈ। ਸਿੱਖ ਪੰਥ ਇਸ ਚੈਲੰਜ ਨੂੰ ਚੁਣੋਤੀ ਦਿੱਤੇ ਬਿਨਾਂ ਬਚ ਨਹੀਂ ਸਕਦਾ। ਸ੍ਰੀ ਅਕਾਲ ਤਖਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤਰ ਲਈ ਹੈ ਕਿ ਇਸ ਧਰਮ ਸ਼ਤਰੂ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿੱਚ ਵਧਣ ਫੁੱਲਣ ਨਾਂ ਦਿੱਤਾ ਜਾਵੇ ਜੋ ਸਿੱਖ ਇਸ ਘਮੰਡਾਂ ਅਤੇ ਪਖੰਡਾਂ ਦਾ ਅੰਗ ਬਣ ਚੁੱਕੇ ਹਨ ਉਨ੍ਹਾਂ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ ਖ਼ਾਲਸਾ ਪੰਥ ਹਰ ਤਰ੍ਹਾਂ ਦਾ ਮੇਲ ਜੋਲ਼ ਤੇ ਸੰਸਾਰਿਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ –

ਇਹ ਤਖਤ ਸਾਹਿਬ ਦਾ ਹੁਕਮ ਨਾਮਾ ਹੈ। ਜੋ ਮੰਨੇਗਾ ਉਸਦਾ ਲੋਕ ਪ੍ਰਲੋਕ ਦੋਹੀਂ ਥਾਂਈਂ ਭਲਾ ਹੋਵੇਗਾ :

**ਗੁਰੂ ਕੀ ਆਗਿਆ ਹੈ**

**ਪੂਜਾ ਅਕਾਲ ਪੁਰਖ ਦੀ।।**

**ਪਰਚਾ ਸ਼ਬਦ ਕਾ।।**

**ਦਰਸ਼ਨ ਖਾਲਸੇ ਕਾ।।**

**ਮੋਹਰ**

**ਦੇਗ ਤੇਗ ਫ਼ਤਿਹ**

**ਨੁਸਰਤ ਹੋਂਦ ਰੰਗ ਯਾਫਤ**

**ਅੱਜ ਕਾਕ ਗੁਰੂ ਗੋਬਿੰਦ ਸਿੰਘ**

**(ਮੋਹਰ ਸ੍ਰੀ ਅਕਾਲ ਤਖਤ ਸਾਹਿਬ)**

**ਸ੍ਰੀ ਅਕਾਲ ਜੀ ਸਹਾਏ।**

**ਸ੍ਰੀ ਅਕਾਲ ਤਖਤ ਸਾਹਿਬ**

**ਮਿਤੀ 28 ਜੇਠ ਸੰਮਤ ਨਾਨਕ ਸ਼ਾਹੀ 509**

**10 ਜੂਨ 1978**

**ਸਾਧੂ ਸਿੰਘ ਜਥੇਦਾਰ**

**ਸ੍ਰੀ ਅਕਾਲ ਤਖਤ ਸਾਹਿਬ**

**ਅਮ੍ਰਿਤਸਰ**

ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ ਕੀਤਾ ਗਿਆ। ਕਈ ਹੋਰ ਭੀ ਨਾਮ ਧਰੀਕ ਨਿਰੰਕਾਰੀ ਇਨ੍ਹਾਂ ਦੇ ਪੱਖੀ ਮਾਰੇ ਗਏ। ਇਹ ਮਸਲਾ ਦਿਨ–ਬ–ਦਿਨ ਬਹੁਤ ਗੰਭੀਰ ਹੁੰਦਾ ਗਿਆ। ਸਰਕਾਰ ਭੀ ਇਨ੍ਹਾਂ ਨਿਰੰਕਾਰੀਆਂ ਦੇ ਪੱਖ ਵਿੱਚ ਸੀ। ਸੰਤ ਜਰਨੈਲ ਸਿੰਘ ਦਾ ਧੜਾ ਇਨ੍ਹਾਂ ਦੇ ਖ਼ਿਲਾਫ਼ ਤਕੜੇ ਹੋ ਕੇ ਲੱਗ ਗਿਆ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਵੀ ਸੰਤ ਜਰਨੈਲ ਸਿੰਘ ਦੇ ਨਾਲ ਇਨ੍ਹਾਂ ਨਾਮਧਰੀਕ ਨਿਰੰਕਾਰੀਆਂ ਦੇ ਬਰਖ਼ਿਲਾਫ਼ ਇਸ ਲਹਿਰ ਵਿਚ ਕੁਦ ਪਈ। ਇਸ ਤਰ੍ਹਾਂ ਇਹ ਲਹਿਰ ਹੋਰ ਜ਼ੋਰ ਪਕੜ ਗਈ। ਜੁਆਨਾਂ ਵਿਚ ਅਥਾਹ ਜੋਸ਼ ਪੈਦਾ ਹੋ ਗਿਆ। ਸਰਕਾਰ ਨੇ ਕਈ ਥਾਵਾਂ ਤੇ ਛਾਪੇ ਮਾਰੇ ਤੇ ਕਈ ਨੌਜਵਾਨਾਂ ਨੂੰ ਫੜ ਲਿਆ ਅਤੇ ਇਨ੍ਹਾਂ ਤੇ ਕੇਸ ਚਲਾਏ। ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੋ ਭਿੰਡਰਾ ਵਾਲੀ ਸੰਪ੍ਰਦਾ ਦੇ ਨਾਲ ਸੰਬੰਧ ਰੱਖਦੇ ਸਨ। ਇਸ ਤਰ੍ਹਾਂ ਭਾਈ ਅਮਰੀਕ ਸਿੰਘ ਭਾਈ ਠਾਹਰ ਸਿੰਘ ਕਚੈਹਰੀ ਵਿਖੇ ਸਿੰਘਾਂ ਨੂੰ ਮਿਲਣ ਗਏ। ਇਨ੍ਹਾਂ ਨੂੰ ਉਥੇ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਇਹ ਮਾਮਲਾ ਹੋਰ ਵੱਧ ਗਿਆ। ਸੰਤ ਜਰਨੈਲ ਸਿੰਘ ਨੇ ਮੋਰਚਾ ਲਾ ਦਿੱਤਾ ਕਿ ਜਿਤਨਾ ਚਿਰ ਭਾਈ ਅਮਰੀਕ ਸਿੰਘ ਅਤੇ ਭਾਈ ਠਾਹਰ ਸਿੰਘ ਨੂੰ ਛੱਡਿਆ ਨਹੀਂ ਜਾਂਦਾ ਉਤਨਾ ਚਿਰ ਮੋਰਚਾ ਜਾਰੀ ਰਹੇਗਾ। ਇਸ ਤਰ੍ਹਾਂ ਸਿੰਘ ਗ੍ਰਿਫ਼ਤਾਰੀ ਲਈ ਭੇਜਣੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੋਗੋਂਵਾਲ ਸਨ। ਇਨ੍ਹਾਂ ਸੋਚਿਆ ਜੇਕਰ ਅਸੀਂ ਮੋਰਚੇ ਨੂੰ ਨਾਂ ਅਪਣਾਇਆ ਤਾਂ ਸਾਡੀ ਗੱਲ ਕੋਈ ਨਹੀਂ ਰਹਿਣੀ ਤੇ ਸੰਤ ਜਰਨੈਲ ਸਿੰਘ ਜ਼ੋਰ ਪਕੜ ਜਾਵੇਗਾ। ਇਸ ਲਈ ਇਹ ਮੋਰਚਾ ਸੰਤ ਲੋਗੋਂਵਾਲ ਨੇ ਆਪਣੇ ਹੱਥ ਲੈ ਲਿਆ ਅਤੇ ਇਸ਼ਤਿਹਾਰਾਂ ਰਾਹੀਂ ਸਿੰਘਾਂ ਨੂੰ ਸੱਦਾ ਪੱਤਰ ਦੇ ਦਿੱਤਾ ਅਤੇ ਸਿੰਘਾਂ ਨੂੰ ਗ੍ਰਿਫ਼ਤਾਰੀ ਲਈ ਭੇਜਣੇ ਸ਼ੁਰੂ ਕਰ ਦਿੱਤੇ। ਸ਼੍ਰੋਮਣੀ ਅਕਾਲੀ ਦਲ ਨੇ ਨਿਰਾ ਦੋ ਸਿੰਘਾਂ ਦੀ ਗ੍ਰਿਫ਼ਤਾਰੀ ਖ਼ਿਲਾਫ਼ ਹੀ ਨਾਂ ਮੋਰਚਾ ਲਾਇਆ ਬਲਕਿ ਹੇਠ ਲਿਖਿਆਂ ਗੱਲਾਂ ਰੱਖ ਕੇ ਮੋਰਚਾ ਲਾਇਆ। ਅਨੰਦਪੁਰ ਸਾਹਿਬ ਦਾ ਮਤਾ, ਪਾਣੀਆਂ ਦਾ ਮਸਲਾ, ਚੰਡੀਗੜ੍ਹ ਲੈਣਾ,

ਪੰਜਾਬੀ ਬੋਲਦੇ ਇਲਾਕੇ ਵਾਪਿਸ ਲੈਣੇ, ਸ੍ਰੀ ਦਰਬਾਰ ਸਾਹਿਬ ਤੋਂ ਰੋਜ਼ਾਨਾ ਕੀਰਤਨ ਬ੍ਰਾਡਕਾਸਟ ਹੋਵੇ, ਅੰਮ੍ਰਿਤਸਰ ਸ਼ਹਿਰ ਪਵਿੱਤਰ ਇਕਰਾਰ ਦਿੱਤਾ ਜਾਵੇ। ਆਲ ਇੰਡੀਆ ਗੁਰਦੁਆਰਾ ਐਕਟ ਬਣਾਇਆ ਜਾਵੇ। ਮੋਰਚਾ ਬੜੇ ਜ਼ੋਰ-ਸ਼ੋਰ ਨਾਲ ਚੱਲਿਆ। ਇਕ ਦਿਨ ਵਿਚ ਦੋ ਤੋਂ ਤਿੰਨ ਹਜ਼ਾਰ ਸਿੰਘ ਸਿੰਘਣੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਜੇਲ੍ਹਾਂ ਸਿੰਘਾਂ ਸਿੰਘਣੀਆਂ ਨੇ ਭਰ ਦਿੱਤੀਆਂ। ਸਰਕਾਰ ਨੇ ਘਬਰਾਏ ਕੇ ਬਲੱਖ਼ਤ ਸਿੰਘਾਂ ਨੂੰ ਛੱਡ ਦਿੱਤਾ। ਸਰਕਾਰ ਨੇ ਪਾਲਿਸੀ ਬਦਲੀ ਸਿੰਘਾਂ ਨੂੰ ਫੜ ਕੇ ਲੈ ਜਾਣਾ ਅਤੇ ਇਕ ਦਿਨ ਰਾਤ ਰੱਖ ਕੇ ਛੱਡ ਦੇਣਾ, ਇਸ ਮੋਰਚੇ ਨੂੰ ਲਗਭਗ ਡੇਢ ਸਾਲ ਹੋ ਗਿਆ। ਸਰਕਾਰ ਅਤੇ ਲੀਡਰਾਂ ਵਿਚ ਕਈ ਮੀਟਿੰਗਾਂ ਹੋਈਆਂ ਪਰ ਫੈਸਲਾ ਕੋਈ ਨਾ ਹੋਇਆ। ਕਈ ਸਿੰਘ ਸ਼ਹੀਦ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੋਗੋਂਵਾਲ ਨੇ ਬੜੀ ਸੂਝ-ਬੂਝ ਨਾਲ ਮੋਰਚਾ ਚਲਾਇਆ ਅਤੇ ਬੜਾ ਸ਼ਾਂਤੀਪੂਰਵਕ ਮੋਰਚਾ ਚਲਿਆ। ਇਸ ਮੋਰਚੇ ਦਾ ਨਾਮ ਧਰਮ-ਯੁੱਧ ਇਕਰਾਰ ਦਿੱਤਾ ਗਿਆ। ਸੰਤ ਜਰਨੈਲ ਸਿੰਘ ਗੁਰੂ ਨਾਨਕ ਨਿਵਾਸ ਵਿਚ ਰਹਿੰਦੇ ਸਨ। ਇਥੇ ਆਪਣੇ ਡੇਰਾ ਸ. ਗੁਰਚਰਨ ਸਿੰਘ ਟੋਹੜਾ ਦੀ ਸਲਾਹ ਨਾਲ ਕਰ ਲਿਆ। ਮੰਜੀ ਸਾਹਿਬ ਦੋਨੋਂ ਸੰਤ ਜਥਾ ਚੱਲਣ ਵੇਲੇ ਤਕਰੀਰਾਂ ਕਰਦੇ ਰਹੇ ਅਤੇ ਸੰਗਤਾਂ ਵਿਚ ਬੜਾ ਅਸਰ ਇਨ੍ਹਾਂ ਦੇ ਬੋਲਣ ਦਾ ਪੈਂਦਾ। ਇਸ ਦੌਰਾਨ ਕਈ ਪੁਲਿਸ ਅਫ਼ਸਰ, ਜਿਨ੍ਹਾਂ ਸਿੰਘਾਂ ਨੂੰ ਮਰਵਾਇਆ ਜਾਂ ਗ੍ਰਿਫ਼ਤਾਰ ਕੀਤਾ ਜਾਂ ਕੋਈ ਹੋਰ ਕਾਰਵਾਈ ਕੀਤੀ, ਉਹ ਸਾਰੇ ਅਫ਼ਸਰ ਮੌਤ ਦੇ ਘਾਟ ਉਤਾਰੇ ਗਏ। ਕਈ ਬੈਂਕ ਲੁੱਟੇ ਗਏ ਕਈਆਂ ਨੂੰ ਪਿਸਤੌਲ ਦਿਖਾ ਕੇ ਦੁਕਾਨਾਂ ਵਾਲਿਆਂ ਪਾਸੋਂ ਰੁਪਏ ਲੈਣੇ ਸ਼ੁਰੂ ਕਰ ਦਿੱਤੇ। ਡਰਦੇ ਮਾਰੇ ਪਿਸਤੌਲਾਂ ਦੀ ਨੋਕ ਤੇ ਜੋ ਕਹਿੰਦੇ ਉਹੋ ਦੇ ਦੇਂਦੇ। ਇਸ ਤਰ੍ਹਾਂ ਬਹੁਤ ਦੁਖਦਾਈ ਘਟਨਾਵਾਂ ਹੋਣ ਲੱਗ ਪਈਆਂ। ਕਈ ਬੰਦੇ ਗੁਰੂ ਨਾਨਕ ਨਿਵਾਸ ਵਿਚ ਵਾੜ ਕੇ ਮਾਰ ਦਿੱਤੇ। ਇਸ ਤਰ੍ਹਾਂ ਤਰਥੱਲੀ ਮੱਚ ਗਈ ਅਤੇ ਸੰਤ ਜਰਨੈਲ ਸਿੰਘ ਦੀ ਧਾਕ ਪੈ ਗਈ। ਸੰਤ ਜਰਨੈਲ ਸਿੰਘ ਹਿੰਦੂਆਂ ਅਤੇ ਸਰਕਾਰ ਦੇ ਖ਼ਿਲਾਫ਼ ਬੜਾ ਖੁੱਲ੍ਹ ਕੇ ਬੋਲਦੇ ਅਤੇ ਬਦਕਿਸਮਤੀ ਨਾਲ ਸੰਤ ਜਰਨੈਲ ਸਿੰਘ ਅਤੇ ਸੰਤ ਹਰਚੰਦ ਸਿੰਘ ਲੋਗੋਂਵਾਲ ਦੀ ਆਪਸ ਵਿਚ ਵਿਗੜ ਗਈ। ਆਪਸ ਵਿਚ ਬੋਲਚਾਲ ਵੀ ਨਾਂ ਰਿਹਾ। ਕਾਰਨ ਇਹ ਰਿਹਾ



ਕਿ ਸੰਤ ਹਰਚੰਦ ਸਿੰਘ ਸ਼ਾਂਤਮਈ ਤਰੀਕੇ ਨਾਲ ਚੱਲਣਾ ਚਾਹੁੰਦੇ ਸਨ ਅਤੇ ਸੰਤ ਜਰਨੈਲ ਸਿੰਘ ਤਸ਼ੱਦਦ ਦੇ ਹਾਮੀ ਸਨ ਅਤੇ ਆਪਸ ਵਿਚ ਦੁਬਿਧਾ ਬਹੁਤ ਵੱਧ ਗਈ। ਕਈ ਬੰਦੇ ਆਪਸ ਵਿੱਚ ਸੰਬੰਧ ਰੱਖੀ ਕਾਰਣ ਮਰ ਗਏ। ਸੰਤ ਜਰਨੈਲ ਸਿੰਘ ਜਥੇਦਾਰ ਟੋਹੜਾ ਤੇ ਵੀ ਹਾਵੀ ਹੋ ਗਏ। ਸੰਤ ਜਰਨੈਲ ਸਿੰਘ ਅਤੇ ਸੰਤ ਹਰਚੰਦ ਸਿੰਘ ਲੋਗੋਂਵਾਲ ਦੀ ਸੁਲ੍ਹਾ ਕਰਾਉਣ ਦੇ ਵੀ ਬੜੇ ਯਤਨ ਕੀਤੇ ਗਏ ਪਰ ਇਨ੍ਹਾਂ ਦੀ ਸੁਲ੍ਹਾ ਨਹੀਂ ਹੋ ਸਕੀ। ਸੰਤ ਜਰਨੈਲ ਸਿੰਘ ਉੱਪਰ ਕਿਸੇ ਦਾ ਕੋਈ ਅਸਰ ਨਾ ਹੋਇਆਂ ਅਤੇ ਆਪ ਗੌਰਮਿੰਟ ਨਾਲ ਟੱਕਰ ਲੈਣ ਦੀ ਤਿਆਰੀ ਕਰਦੇ ਰਹੇ। ਪਸਤੌਲ, ਗਰਨੇਡ ਆਦਿ ਸਸ਼ਤਰ ਨੌਜਵਾਨਾਂ ਨੂੰ ਦਿੰਦੇ ਅਤੇ ਚਲਾਉਣ ਦੀ ਟਰੇਨਿੰਗ ਵੀ ਦਿਵਾਉਂਦੇ। ਇਸ ਤਰ੍ਹਾਂ ਲੜਾਈ ਲਈ ਪੂਰੀ ਤਰ੍ਹਾਂ ਮੋਰਚਾਬੰਦੀ ਕਰ ਲਈ। ਸਰਕਾਰ ਨੂੰ ਇਹ ਰਿਪੋਰਟ ਸੀ ਆਈ ਡੀ ਰਾਹੀਂ ਸਭ ਪੁੱਜ ਰਹੀਆਂ ਸਨ। ਸਰਕਾਰ ਸ਼੍ਰੋਮਣੀ ਕਮੇਟੀ ਦੇ ਜਥੇਦਾਰਾਂ ਨੂੰ ਪੁੱਛਦੀ ਸੀ ਕਿ ਦਰਬਾਰ ਸਾਹਿਬ, ਗੁਰੂ ਨਾਨਕ ਨਿਵਾਸ ਵਿੱਚ ਅੱਤਵਾਦੀ ਰਹਿੰਦੇ ਸਨ, ਉਨ੍ਹਾਂ ਨੂੰ ਬਾਹਰ ਕੱਢ ਦਿਉ ਪਰ ਪ੍ਰਬੰਧਕ ਕਹਿੰਦੇ ਕਿ ਦਰਬਾਰ ਵਿਖੇ ਕੋਈ ਅੱਤਵਾਦੀ ਨਹੀਂ। ਬਾਰ-ਬਾਰ ਸਰਕਾਰ ਇਨ੍ਹਾਂ ਨੂੰ ਕਹਿੰਦੀ ਅਤੇ ਉਪਰੋਕਤ ਜਵਾਬ ਹੀ ਦੇਂਦੇ, ਆਖਿਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ ਸੀ ਆਰ ਪੀ ਅਤੇ ਬੀ ਐਸ ਐਫ ਆਦਿ ਬੈਠਾ ਦਿੱਤੀ। ਕਈ ਇਕੜ ਦੁਕੜ ਫਾਇਰ ਵੀ ਸਰਕਾਰੀ ਕਰਮਚਾਰੀ ਕਰ ਦਿੰਦੇ ਇਸ ਸਮੇਂ ਸੈਂਟਰ ਵਿੱਚ ਸਰਕਾਰ ਕਾਂਗਰਸ ਦੀ ਸੀ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ। ਸਾਰੀ ਕਾਰਵਾਈ ਦੀ ਰਿਪੋਰਟ ਉਸਨੂੰ ਪੁੱਜਦੀ ਸੀ। ਪਹਿਲੀ ਜੂਨ, 1984 ਨੂੰ ਬੜੇ ਜ਼ੋਰ ਦੀ ਪੁਲਿਸ ਵੱਲੋਂ ਫਾਇਰਿੰਗ ਹੋਈ। ਕਈ ਗੋਲੀਆਂ ਦਰਬਾਰ ਸਾਹਿਬ ਦੇ ਅੰਦਰ ਅਤੇ ਗੁਬੰਦ ਤੇ ਲਗੀਆਂ। ਕਈ ਔਰਤਾਂ ਅਤੇ ਬੱਚੇ ਪ੍ਰਕਰਮਾ ਵਿੱਚ ਮਾਰੇ ਗਏ। ਸਿੰਘਾਂ ਵਿੱਚ ਵੀ ਬੜਾ ਜੋਸ਼ ਵਧਿਆ। ਸ਼ਹਿਰ 'ਚ ਕਾਫੀ ਤਨਾਅ ਹੋ ਗਿਆ। ਇਸ ਲਈ ਸਰਕਾਰ ਨੇ 2 ਜੂਨ 1984 ਨੂੰ ਕਰਫਿਊ ਲਾ ਦਿੱਤਾ। ਤਿੰਨ ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ। ਇਸ ਲਈ ਸਵੇਰੇ ਕਰਫਿਊ ਖੋਲ੍ਹ ਦਿੱਤਾ। ਸ਼ਾਮ ਨੂੰ 5 ਵਜੇ ਸਵੇਰੇ ਫਿਰ ਕਰਫਿਊ ਲਾ ਦਿੱਤਾ ਰਾਤ ਕਰਫਿਊ ਲਗਾ ਰਿਹਾ। ਸਵੇਰੇ ਪੰਜ ਵਜੇ 4 ਜੂਨ ਨੂੰ ਮਸ਼ੀਨਗੰਨਾਂ ਅਤੇ

ਬੰਬਾਂ ਦੀਆਂ ਲਗਾਤਾਰ ਅਵਾਜ਼ਾਂ ਆਉਣ ਲੱਗੀਆਂ। ਚਾਰ ਤਰੀਕ ਸਾਰਾ ਦਿਨ ਫਾਇਰਿੰਗ ਹੁੰਦੀ ਰਹੀ। ਬੰਬ ਬਾਰੀ ਭੀ ਕਦੇ ਕਦੇ ਹੁੰਦੀ ਰਹੀ। ਇਸ ਫਾਇਰਿੰਗ ਨਾਲ ਕਈ ਮਾਂਵਾਂ ਦੇ ਪੁੱਤਰ, ਜਨਤਾ ਦੇ ਬੰਦੇ ਉਧਰੋਂ ਕਈ ਫੌਜੀ ਭੀ ਮਾਰੇ ਗਏ ਹਾਹਾਕਾਰ ਮੱਚ ਗਈ। ਪੰਜ ਜੂਨ ਨੂੰ ਸ਼ਾਮ ਪੰਜ ਵਜੇ ਟੈਂਕਾ ਰਾਹੀਂ ਸਰਕਾਰ ਨੇ ਬੰਬਾਰੀ ਸ਼ੁਰੂ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਪਾਸ ਜੋ ਪਾਣੀ ਵਾਲੀ ਟੈਂਕੀ ਸੀ ਕਈ ਬੰਬ ਉਸ ਉੱਤੇ ਸੁੱਟੇ ਕਈ ਬੰਬ ਰਾਮਗੜ੍ਹੀਆ ਦੇ ਬੁੰਗੇ ਨਾਲ ਜੋ ਬੁਰਜ ਬਣੇ ਗਏ ਹਨ, ਉਨ੍ਹਾਂ 'ਤੇ ਸੁੱਟੇ। ਅੰਦਰੋਂ ਭੀ ਸੰਤ ਜਰਨੈਲ ਸਿੰਘ ਦੇ ਨਾਲ ਜੋ ਸਿੰਘ ਸਨ ਉਨ੍ਹਾਂ ਭੀ ਗਰਨੇਡ ਬੰਦੂਕਾਂ ਗੰਨਾਂ ਆਦਿ ਨਾਲ ਫਾਇਰ ਕੀਤੇ ਪਰ ਬੰਬ ਜੋ ਤੋਪਾਂ ਨਾਲ ਸੁੱਟੇ ਉਨ੍ਹਾਂ ਨਾਲ ਕੀ ਮੁਕਾਬਲਾ ਹੋ ਸਕਦਾ ਸੀ। ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਰਹਿੰਦੇ ਸਨ। ਉੱਥੇ ਬੰਬ ਬਾਰੀ ਮਿਲਟਰੀ ਵੱਲੋਂ ਕੀਤੀ ਜਾ ਰਹੀ ਸੀ। ਇਸ ਬੰਬ ਬਾਰੀ ਨਾਲ ਅਕਾਲ ਤਖਤ ਸਾਹਿਬ ਢਹਿ ਢੇਰੀ ਹੋ ਗਿਆ। ਸ੍ਰੀ ਦਰਸ਼ਨੀ ਡਿਉੜੀ ਤੇ ਬੰਬ ਸੁੱਟੇ ਜਿਨ੍ਹਾਂ ਨਾਲ ਪਿਛਲੇ ਪਾਸਿਓਂ ਵੱਡੇ-ਵੱਡੇ ਮਘੋਰੇ ਹੋ ਗਏ। ਤੋਸ਼ੇਖਾਨੇ ਅੰਦਰ ਜਿੱਥੇ ਜਲੌਅ ਦਾ ਸਾਮਾਨ ਅਤੇ ਸ੍ਰੀ ਨਨਕਾਣੇ ਸਾਹਿਬ ਵਾਲੀ ਸ਼ਹੀਦੀ ਬੀੜ ਅਤੇ ਸੁਨਹਿਰੀ ਬੀੜ ਅਤੇ ਹੋਰ ਬਹੁਤ ਕੀਮਤੀ ਸਮਾਨ ਸੀ, ਬੰਬਾਰੀ ਨਾਲ ਇਤਿਹਾਸਕਾਰ ਚਾਨਣੀ ਮਹਾਰਾਜਾ ਰਣਜੀਤ ਸਿੰਘ ਨੂੰ ਜੋ ਨਿਜਾਮ ਹੈਦਰਾਬਾਦ ਨੇ ਤੋਹਫੇ ਵਜੋਂ ਦਿੱਤੀ ਸੀ, ਉਹ ਸੜ ਕੇ ਸੁਹਾ ਹੋ ਗਈ। ਹੇਠਲੇ ਕਮਰੇ ਵਿੱਚ ਸੋਨੇ ਅਤੇ ਚਾਂਦੀ ਦੀਆ ਦੋਵੇਂ ਪਾਲਕੀਆਂ ਸੜ ਕੇ ਸੁਆਹ ਹੋ ਗਈਆਂ। ਦਰਵਾਜ਼ੇ ਸੜ ਗਏ ਰੈਫਰੈਂਸ ਲਾਇਬ੍ਰੇਰੀ ਬੰਬਾ ਨਾਲ ਤਬਾਹ ਕਰ ਦਿੱਤੀ। ਤੇਜਾਂ ਸਿੰਘ ਸਮੁੰਦਰੀ ਹਾਲ ਅਗਲੇ ਪਾਸਿਓਂ ਤਬਾਹ ਕਰ ਦਿੱਤਾ। ਬਹੁਤ ਸਾਰਾ ਰਿਕਾਰਡ ਸੜ ਗਿਆ। ਸ੍ਰੀ ਦਰਬਾਰ ਸਾਹਿਬ ਦਾ ਰਿਕਾਰਡ ਸੜ ਗਿਆ। ਸ੍ਰੀ ਦਰਬਾਰ ਸਾਹਿਬ ਉੱਤੇ 250 ਗੋਲੀਆਂ ਲੱਗੀਆਂ। ਸ੍ਰੀ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਹੋਣ ਵਾਲੀ ਬੀੜ ਦੇ ਵਿੱਚੋਂ ਗੋਲੀਆਂ ਨਿਕਲ ਕੇ ਅੱਗੇ ਦਰਵਾਜ਼ੇ ਜਾ ਕੇ ਲੱਗੀਆਂ। ਹਰਿ ਕੀ ਪਾਉੜੀ ਮਹਾਰਾਜ ਦੀ ਤਾਬਿਆ ਬੈਠੇ ਭਾਈ ਰਾਮ ਸਿੰਘ ਨੂੰ ਗੋਲੀ ਲੱਗੀ। ਸ੍ਰੀ ਦਰਬਾਰ ਸਾਹਿਬ ਦੇ ਨਾਲ ਦੇ ਮਕਾਨ ਕਈ ਬੰਬਾ ਨਾਲ ਤਬਾਹ ਹੋ ਗਏ। ਟੈਂਕ ਸ੍ਰੀ ਦੁੱਖ ਭੰਜਨੀ ਸਾਹਿਬ ਵਾਲੀ ਦਰਸ਼ਨੀ ਡਿਉਢੀ ਤੋਂ ਉਤਾਰ ਕੇ ਸ਼ਹੀਦ ਬੁੰਗੇ ਦੇ ਅੱਗੋਂ ਸਿੱਧੀ ਬੰਬਾਰੀ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਸ਼ਨੀ ਡਿਉਢੀ ਤੇ ਕੀਤੀ। ਇਨ੍ਹਾਂ ਬੰਬਾ ਨਾਲ ਸ੍ਰੀ ਅਕਾਲ ਤਖਤ ਸਾਹਿਬ ਖੰਡਰਾਤ ਹੋ ਗਿਆ। ਦਰਸ਼ਨੀ ਡਿਉਢੀ ਦਾ ਪਿਛਲਾ ਪਾਸਾ ਬਹੁਤ ਤਬਾਹ ਹੋ ਗਿਆ ਬਹੁਤ ਮਕਾਨ ਭੀ ਢਹਿ ਗਏ। ਕਈ ਬਾਜ਼ਾਰ ਵੀ ਢਹਿ-ਢੇਰੀ ਹੋ ਗਏ। ਕਈ ਮਰਦ, ਔਰਤਾਂ, ਬੱਚੇ ਜੁਆਨ ਮੌਤ ਦੇ ਘਾਟ ਉਤਾਰੇ ਗਏ। ਕਈਆਂ ਨੂੰ ਘਰਾਂ ਵਿੱਚੋਂ ਕੱਢ-ਕੱਢ ਕੇ ਗੋਲੀ ਨਾਲ ਭੁੰਨ ਦਿੱਤਾ। ਮਿਲਟਰੀ ਐਕਸ਼ਨ ਨਾਲ ਜੋ ਤਬਾਹੀ ਹੋਈ ਉਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਪਰ ਦੁਖਦਾਈ ਜੋ ਗੱਲ ਹੋਈ ਉਹ ਇਹ ਕਿ ਭਾਈ ਮਨੀ ਸਿੰਘ ਜੀ ਦੇ ਅਤੇ ਉਨ੍ਹਾਂ ਤੋਂ ਪਹਿਲੇ ਦੀ ਜੋ ਪਵਿੱਤਰ ਮਰਿਆਦਾ ਇਕ ਰਾਸ ਚਲੀ ਆ ਰਹੀ ਸੀ ਉਹ ਖਤਮ ਕੀਤੀ ਗਈ। ਇਸ ਦਿਨ ਤੋਂ ਪਿੱਛੋਂ ਕਈ ਦਿਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੀ ਨਹੀਂ ਹੋਇਆਂ। ਐਸਾ ਭਿਆਨਕ ਸਮਾਂ ਜਿਸ ਨੇ ਅਬਦਾਲੀ ਆਦਿ ਦੇ ਸਮੇਂ ਨੂੰ ਯਾਦ ਕਰਵਾ ਦਿੱਤਾ। ਸ੍ਰੀ ਦਰਬਾਰ ਸਾਹਿਬ ਵਿਖੇ ਜਿੱਥੇ ਰੋਜ਼ਾਨਾ ਦੁੱਧ ਨਾਲ ਇਸ਼ਨਾਨ ਹੁੰਦਾ ਸੀ, ਉੱਥੇ ਦੁੱਧ ਦੀ ਥਾਂ ਖ਼ੂਨ ਪਸਰਦਾ ਡਿੱਠਾ। ਹੇਠਲੇ ਗਲੀਚੇ ਖ਼ੂਨ ਨਾਲ ਗੱਚ ਹੋ ਗਏ। ਭਾਈ ਅਵਤਾਰ ਸਿੰਘ ਜੋ ਤਿੰਨ ਪਹਿਰ ਦਾ ਰੋਜ਼ ਇਸ਼ਨਾਨ ਕਰਾਉਂਦਾ ਸੀ, ਉਸਦੇ ਗੋਲੀ ਲੱਗੀ ਉਹ ਅੰਦਰ ਹੀ ਸ਼ਹੀਦ ਹੋ ਗਿਆ।

ਕਈ ਦਿਨ ਹਰਿਮੰਦਰ ਸਾਹਿਬ ਵਿਖੇ ਇਸ਼ਨਾਨ ਦੀ ਸੇਵਾ ਹੀ ਨਹੀਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਜੋ ਲਿਖੀ ਸੀ, ਉਸ ਬੀੜ ਦੇ ਸਰਾਨੇ ਵਿੱਚੋਂ ਗੋਲੀ ਨਿਕਲ ਕੇ ਜਿਲਦ ਨੂੰ ਚੀਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 82 ਪੰਨੇ ਤੱਕ ਲੰਘ ਗਈ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਵਾਜ਼ਿਆਂ ਵਿਚ ਅਨੇਕਾਂ ਗੋਲੀਆਂ ਲੱਗੀਆਂ। ਹਰਿ ਕੀ ਪੌੜੀ ਵਿਚ ਜੋ ਬੀੜ ਪ੍ਰਕਾਸ਼ ਹੁੰਦੀ ਹੈ ਉਸ ਦਾ ਸੁਖ ਆਸਣ ਕਰਦੇ ਭਾਈ ਰਾਮ ਸਿੰਘ ਨੂੰ ਗੋਲੀ ਲੱਗੀ। ਇਹ ਸਿੰਘ ਗੋਲੀ ਵਰਦਿਆ ਕਿਸੇ ਤਰ੍ਹਾਂ ਨਿਕਲਿਆ ਅਤੇ ਕਿਸੇ ਡਾਕਟਰ ਪਾਸ ਪੁੱਜ ਗਿਆ ਅਤੇ ਜਾਨ ਬਚ ਗਈ। ਸ੍ਰੀ ਦਰਬਾਰ ਸਾਹਿਬ ਦੇ ਗੁਬੰਜ ਅਤੇ ਸੀਸ ਮਹੱਲ ਵਿਚ ਕਈ ਗੋਲੀਆਂ ਲੱਗੀਆਂ। ਗੁਬੰਜ ਤੇ ਤਕਰੀਬਨ 350 ਗੋਲੀਆਂ ਲੱਗੀਆਂ। ਸ੍ਰੀ ਦਰਬਾਰ ਸਾਹਿਬ ਤੇ ਪੁਲ ਤੇ ਲੱਗੀਆਂ ਜਾਲੀਆਂ ਅਤੇ ਬੁਰਜੀਆਂ ਤੇ ਸੁਨਹਿਰੀ ਲਾਲਟੈਨਾਂ ਤੇ ਭੀ ਕਈ ਗੋਲੀਆਂ ਲੱਗੀਆਂ। ਇਕ ਸੁਨਹਿਰੀ ਲਾਲਟੈਨ ਬੰਬ ਨਾਲ ਉੱਡ ਗਈ। ਸ੍ਰੀ ਦਰਬਾਰ ਸਾਹਿਬ ਦਾ ਤੋਸ਼ਾਖਾਨਾ ਬੰਬਾਂ ਨਾਲ ਬਾਹਰੋਂ ਉੱਡ ਗਿਆ। ਤੋਸ਼ੇਖਾਨੇ ਵਿਚ ਪਈ ਚਾਨਣੀ ਜੋ ਨਮਾਜ਼ ਹੈਦਰਾਬਾਦ ਨੇ ਤੋਹਫ਼ੇ ਵਜੋਂ ਭੇਂਟ ਕੀਤੀ ਸੀ ਜਿਸ ਵਿਚ ਨੀਲਮ, ਹੀਰੇ, ਜਵਾਹਰਾਤ, ਮੋਤੀ, ਪੰਨੇ ਸਭ ਸੜ ਕੇ ਸੁਆਹ ਹੋ ਗਏ। ਸੋਨੇ ਦੀਆਂ ਜੋੜੀਆਂ ਜੋ ਤੋਸ਼ੇਖਾਨੇ ਵਿਚ ਪਈਆਂ ਸਨ ਜਿਨ੍ਹਾਂ ਵਿਚੋਂ ਇਕ ਨੂੰ ਸੇਕ ਲੱਗ ਗਿਆ ਤਿੰਨ ਬਚ ਗਈਆਂ ਬਾਕੀ ਸੇਹਰਾ ਕੰਵਰ ਨੌਨਿਹਾਲ ਸਿੰਘ ਵਾਲਾ ਬਚ ਗਿਆ। ਸੁਨਹਿਰੀ ਬੀੜ ਅਤੇ ਸ਼ਹੀਦੀ ਬੀੜ ਸ੍ਰੀ ਨਨਕਾਣੇ ਸਾਹਿਬ ਵਾਲੀ ਦੋਨੋਂ ਬਚ ਗਈਆਂ। ਦਰਸ਼ਨੀ ਦਿਉਢੀ ਹੇਠੋਂ ਉੱਤੋਂ ਬੰਬਾ ਨਾਲ ਤਬਾਹ ਹੋ ਗਈ। ਦਰਸ਼ਨੀ ਡਿਉਢੀ ਦੇ ਵੱਡੇ ਦਰਵਾਜ਼ੇ ਤੇ ਭੀ ਗੋਲੀਆਂ ਲੱਗੀਆਂ। ਤੋਸ਼ੇਖਾਨੇ ਵਿਚ ਜੋ ਕੀਮਤੀ ਚਾਨਣੀਆਂ ਅਤੇ ਰੁਮਾਲੇ ਆਦਿ ਸਨ ਸਭ ਸੜ ਕੇ ਸੁਆਹ ਹੋ ਗਏ। ਉਸ ਵਿਚ ਦੋ ਪਾਲਕੀਆਂ ਇਕ ਸੋਨੇ ਦੀ ਅਤੇ ਇਕ ਚਾਂਦੀ ਦੀ, ਦੋ ਸੋਨੇ ਦੇ ਚੌਰ ਤਿੰਨ ਚੋਬਾਂ ਚਾਂਦੀ ਦੀਆਂ ਸੜ ਗਈਆਂ ਜਾਂ ਮਿਲਟਰੀ ਵਾਲੇ ਲੈ ਗਏ। ਸਿਲਮੇ ਸਤਾਰੇ ਨਾਲ ਕੱਢੀਆਂ 40 ਚਾਨਣੀਆਂ 42 ਸੈਂਟ ਰੁਮਾਲੇ ਸੜ ਕੇ ਸੁਆਹ ਹੋ ਗਏ, ਕੁਝ ਮਿਲਟਰੀ ਵਾਲੇ ਲੁੱਟ ਕੇ ਲੈ ਗਏ। ਇਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਇਕ ਵੀ ਲਾਉਣ ਲਈ ਚਾਨਣੀ ਨਾ ਰਹੀ। ਵਕਤ ਦੇ ਡੀ.ਸੀ. ਨੇ ਆਪਣੇ ਵੱਲੋਂ ਇਕ ਚਾਨਣੀ ਬਣਾ ਕੇ ਲਵਾਈ। ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਜੋ ਸ੍ਰੀ ਦਰਬਾਰ ਸਾਹਿਬ ਚੌਂਕੀ ਕਰਕੇ ਅੰਦਰੋਂ ਨਿਕਲੇ ਬਾਬਾ ਬੁੱਢਾ ਸਾਹਿਬ ਜੀ ਦੇ ਪਾਸ ਜਦੋਂ ਪੁੱਜੇ ਤਾਂ ਕਿਸੇ ਹਤਿਆਰੇ ਨੇ ਗੋਲੀ ਮਾਰ ਦਿੱਤੀ ਜੋ ਭਾਈ ਸਾਹਿਬ ਦੇ ਮੱਥੇ ਤੇ ਲੱਗੀ। ਭਾਈ ਸਾਹਿਬ ਉਥੇ ਪਰਕਰਮਾ ਵਿਚ ਸ਼ਹੀਦ ਹੋ ਗਏ।

**ਸ੍ਰੀ ਅਕਾਲ ਤਖ਼ਤ ਸਾਹਿਬ** - ਸ੍ਰੀ ਅਕਾਲ ਤਖ਼ਤ ਸਾਹਿਬ ਬੰਬਾ ਨਾਲ ਖੰਡਰਾਤ ਬਣ ਗਿਆ। ਜਿਹੜੀ ਅਲਮਾਰੀ ਵਿਚ ਸ਼ਸਤਰ ਸਜਾਏ ਜਾਂਦੇ ਸਨੇਹ ਸੜ ਕੇ ਸੁਆਹ ਹੋ ਗਈ। ਉਹ ਪਾਲਕੀ ਜੋ ਬੜੀ ਸੁੰਦਰ ਸੁਨਹਿਰੀ ਬਣੀ ਹੋਈ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੱਦੀਨਸ਼ੀਨੀ ਵਾਲਾ ਮਹਾਨ ਪਵਿੱਤਰ

ਅਸਥਾਨ ਸੀ ਉਹ ਭੀ ਬੰਬਾ ਨਾਲ ਤਬਾਹ ਹੋ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਕਲਗ਼ੀਧਰ ਦਸ਼ਮੇਸ਼ ਪਿਤਾ ਜੀ ਦੇ ਤੀਰ ਅਤੇ ਸ਼ਸ਼ਤਰ, ਬਾਬਾ ਦੀਪ ਸਿੰਘ ਜੀ ਦੇ ਸ਼ਸ਼ਤਰ, ਭਾਈ ਬਚਿੱਤਰ ਸਿੰਘ ਜੀ ਦਾ ਤੇਗਾ ਆਦਿ ਪੁਰਾਤਨ ਸ਼ਹੀਦ ਸਿੰਘਾਂ ਦੇ ਅਤੇ ਹੋਰ ਗੁਰੂ ਸਾਹਿਬਾਨ ਜੀ ਦੇ ਸ਼ਸ਼ਤਰ ਸੜ ਕੇ ਪੱਤਰੀਆਂ ਬਣ ਗਈਆਂ। ਤਖ਼ਤ ਸਾਹਿਬ ਜੀ ਦਾ ਪੁਰਾਣਾ ਰਿਕਾਰਡ ਰੁਮਾਲੇ ਚਾਨਣੀਆਂ ਗਲੀਚੇ ਸਭ ਸੜ ਗਏ। ਕੋਠੀ ਸਾਹਿਬ ਜਿੱਥੇ ਰਾਤ ਨੂੰ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਆ ਕੇ ਸੁਖ ਆਸਨ ਕਰਾਉਂਦੇ ਹਾਂ ਬਚ ਗਿਆ ਹੈ ਪਰ ਉਸ ਦੇ ਬਾਹਰ ਅਤੇ ਅੰਦਰ ਕਈ ਗੋਲੀਆਂ ਲੱਗੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਘਾਸਣ ਅਸਥਾਨ ਤੇ ਭੀ ਗੋਲੀਆਂ ਲੱਗੀਆਂ ਹਨ ਪਰ ਇਥੇ ਰੱਖੀਆਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਚ ਗਈਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਉਪਰਲੇ ਕਮਰੇ ਵਿਚ 645 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਨ, ਬੰਬਾ ਦੀ ਅੱਗ ਨਾਲ ਸਭ ਸੜ ਗਈਆਂ। ਦੋਵੇਂ ਜੋ ਵੱਡੇ ਨਿਸ਼ਾਨ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਝੂਲ ਰਹੇ ਸਨ, ਉਨ੍ਹਾਂ ਉੱਤੇ ਭੀ ਕਈ ਗੋਲੀਆਂ ਲੱਗੀਆਂ। ਕੜਾਹ ਪ੍ਰਸਾਦ ਵਾਲੇ ਕਮਰਿਆਂ ਵਿਚ ਪਏ ਸਮਾਨ ਨੂੰ ਲੁੱਟ ਕੇ ਲੈ ਗਏ।

**ਰੈਫਰੈਂਸ ਲਾਇਬ੍ਰੇਰੀ** - ਰੈਫਰੈਂਸ ਲਾਇਬ੍ਰੇਰੀ ਜੋ ਸਿੱਖ ਪੰਥ ਦਾ ਅਮੋਲਕ ਖਜ਼ਾਨਾ ਸੀ ਜਿਸ ਵਿੱਚ ਪੁਰਾਣੇ ਇਤਿਹਾਸ ਦੀਆ ਪੁਰਾਣੀਆਂ ਪੁਸਤਕਾਂ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਨਹੀਂ ਲੱਗ ਸਕਿਆ ਇਨ੍ਹਾਂ ਤੋਂ ਛੁੱਟ ਬਹੁਤ ਸਾਰੀਆਂ ਨਵੀਂਆਂ ਪੁਸਤਕਾਂ ਜੋ ਬਹੁਤ ਅਮੋਲਕ ਸਨ ਕੁਝ ਸੜ ਗਈਆਂ ਅਤੇ ਕੁਝ ਲੁੱਟ ਕੇ ਲੈ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆ ਬੀੜਾਂ ਜੋ ਗਿਆਰਾਂ ਸੋ ਗਿਣਤੀ ਵਿੱਚ ਸਨ, ਇਨ੍ਹਾਂ ਬੀੜਾ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਭਾਈ ਹਰਦਾਸ ਜੀ ਦੇ ਹੱਥਾਂ ਦੀ ਇਕ ਬੜੀ ਅਮੋਲਕ ਬੀੜ ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆਂ ਸੀ (ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਤਿਤ ਮਹਾਂ ਪਤਿਤ ਅਧਮ ਮਹਾ ਅਛਮ) ਇਹ ਬੀੜ ਭੀ ਸੜ ਗਈ ਜਾ ਹੋ ਸਕਦਾ ਹੈ ਸਰਕਾਰ ਜਿੱਥੇ ਕਈ ਹੋਰ ਬਹੁਤ ਸਾਰੀਆਂ ਪੁਸਤਕਾਂ ਲੈ ਗਈ ਹੈ ਇਹ ਬੀੜ ਭੀ ਲੈ ਗਈ ਹੋਵੇ। ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਬੁੰਗੇ ਵਿੱਚ ਰੋਜ਼ ਪ੍ਰਕਾਸ਼ ਹੋਣ ਵਾਲੀ ਬੀੜ ਭੀ ਬਿਲਕੁਲ ਸੜ ਗਈ। ਭਾਈ ਆਇਆ ਸਿੰਘ ਵਾਲੀ ਛਬੀਲ ਅਤੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਬੁੰਗੇ ਵਲੀ ਛਬੀਲ ਦੇ ਸਭ ਬਰਤਨ ਇਹ ਲੁਟੇਰੇ ਫੌਜੀ ਲੈ ਗਏ।

**ਸੋਨੇ ਦਾ ਕਾਰਖਾਨਾ** - ਸੋਨੇ ਵਾਲੇ ਕਾਰਖਾਨੇ ਵਿੱਚ ਕਈ ਕਿੱਲੋ ਸੋਨਾ ਸੇਫ ਵਿੱਚ ਸੀ। ਕੁਝ ਸੋਨੇ ਦੇ ਵਰਕ ਸਨ ਜੋ ਹਰਿਮੰਦਰ ਸਾਹਿਬ ਤੇ ਲਗਾਉਣ ਲਈ ਇੱਥੇ ਰੱਖੇ ਹੋਏ ਸਨ। ਅਲਮਾਰੀਆਂ ਸੇਫ ਤੋੜ ਕੇ ਸਭ ਲੈ ਗਏ, ਪਿੱਛੋਂ ਕਮਰਿਆਂ ਨੂੰ ਅੱਗ ਲਾ ਕੇ ਬੰਬਾ ਨਾਲ ਕਮਰੇ ਬਿਲਕੁਲ ਸਾੜ ਦਿੱਤੇ।

**ਗੋਲਕਾਂ** - ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਗਈ ਗੋਲਕਾਂ ਤੋੜ ਕੇ ਇਨ੍ਹਾਂ ਵਿੱਚੋਂ ਸਾਰਾ ਕੈਸ਼ ਕੱਢ ਕੇ ਲੈ ਗਏ।

**ਮੰਜੀ ਸਾਹਿਬ** - ਮੰਜੀ ਸਾਹਿਬ ਦੇ ਹਾਲ ਦੇ ਅੰਦਰ ਅਤੇ ਬਾਹਰ ਕਈ ਗੋਲੀਆਂ ਦੇ ਛੇਕ ਹੋਏ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ** - ਸ਼੍ਰੋਮਣੀ ਕਮੇਟੀ ਦਾ ਦਫਤਰ ਅਗਲੇ ਪਾਸੇ ਤੋਂ ਤੇਜਾਂ ਸਿੰਘ ਸਮੁੰਦਰੀ ਹਾਲ ਦਾ ਅਗਲਾ ਪਾਸਾ ਸੜ ਗਿਆ ਅਤੇ ਪੁਰਾਣਾ ਰਿਕਾਰਡ ਸਭ ਸਾੜ ਦਿੱਤਾ ਅਤੇ ਕੁਝ ਬੋਰੀਆਂ ਭਰ ਕੇ ਸਰਕਾਰ ਲੈ ਗਈ। ਇਸ ਤਰ੍ਹਾਂ ਤੇਜਾਂ ਸਿੰਘ ਹਾਲ ਦੀ ਬਹੁਤ ਤਬਾਹੀ ਹੋਈ। ਖਜ਼ਾਨਚੀ ਦੀ ਸੇਫ ਤੋੜ ਕੇ ਡੇਢ ਲੱਖ ਰੁਪਏ ਲੈ ਗਏ।

**ਸ੍ਰੀ ਦਰਬਾਰ ਸਾਹਿਬ ਦਾ ਦਫਤਰ** - ਸ੍ਰੀ ਦਰਬਾਰ ਸਾਹਿਬ ਦਾ ਦਫਤਰ ਬੜਾ ਤਬਾਹ ਕੀਤਾ। ਕੁਝ ਰਿਕਾਰਡ ਸਾੜ ਦਿੱਤਾ ਅਤੇ ਖਜ਼ਾਨੇ ਦੀ ਸ੍ਰੀ ਦਰਬਾਰ ਸਾਹਿਬ ਦੇ ਕਮਰੇ ਵਿੱਚ ਪਈ ਸੇਫ ਤੋੜ ਕੇ 40 ਹਜ਼ਾਰ ਰੁਪਏ ਕੈਸ਼ ਕੱਢ ਕੇ ਲੈ ਗਏ। ਮੈਨੇਜਰ ਸ੍ਰੀ ਦਰਬਾਰ ਸਾਹਿਬ ਦੇ ਦਫਤਰ ਦਾ ਤਾਲਾ ਤੋੜ ਕੇ ਉਨ੍ਹਾਂ ਦੀ ਅਲਮਾਰੀ ਦਾ ਤਾਲਾ ਤੋੜ ਕੇ ਬਹੁਤ ਸਾਰਾ ਕੈਸ਼ ਅਤੇ ਹੋਰ ਜ਼ਰੂਰੀ ਸਾਮਾਨ ਇਹ ਲੁਟੇਰੇ ਲੁੱਟ ਕੇ ਲੈ ਗਏ। ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਦਾ ਅਤੇ ਕੇਂਦਰੀ ਸਿੰਘ ਸਭਾ ਦੇ ਦਫਤਰ ਦਾ ਸਾਮਾਨ ਸਾੜ ਫੂਕ ਕੇ ਤਬਾਹ ਕਰ ਦਿੱਤਾ ਅਤੇ ਦਫਤਰ ਦੇ ਕਮਰੇ ਖੰਡਰਾਤ ਕਰ ਦਿੱਤੇ।

**ਸ੍ਰੀ ਗੁਰੂ ਰਾਮ ਦਾਸ ਨਿਵਾਸ** - ਸ੍ਰੀ ਗੁਰੂ ਰਾਮ ਦਾਸ ਜੀ ਦੀ ਸਰਾਂ ਦੀ ਉਤਲੀ ਛੱਤ ਤੇ ਪਿਛਲੇ ਪਾਸੇ ਅੱਗ ਲਾ ਕੇ ਬਹੁਤ ਨੁਕਸਾਨ ਕੀਤਾ। ਚਾਰ ਹਜ਼ਾਰ ਬਿਸਤਰੇ ਲੁਟੇਰੇ ਫੌਜੀ ਲੁੱਟ ਕੇ ਲੈ ਗਏ। ਸਰਾਂ ਦੀ ਪਾਣੀ ਵਾਲੀ ਟੈਂਕੀ ਬੰਬਾ ਨਾਲ ਤਬਾਹ ਕਰ ਦਿੱਤੀ।

**ਸਰਾਂ ਵਿੱਚ ਅਲਮਾਰੀ ਲਾਕਰਾਂ ਵਾਲੀ** - ਸਰਾਂ ਵਿੱਚ ਇਕ ਵੱਡੀ ਸਾਰੀ ਅਲਮਾਰੀ ਲਾਕਰਾਂ ਵਾਲੀ ਸੀ ਜਿਸ ਵਿੱਚ ਲਾਕਰ ਅਲਾਟਮੈਂਟ ਕਰਵਾ ਕੇ ਲੋਕ ਆਪਣਾ ਜੇਵਰ ਕੈਸ਼ ਆਦਿ ਜਮਾਂ ਕਰਾ ਦਿੰਦੇ ਸੀ, ਇਹ ਅਲਮਾਰੀ ਲੁਟੇਰਿਆਂ ਪਾਸੋਂ ਟੁੱਟ ਨਾਂ ਸਕੀ। ਇਹ ਅਲਮਾਰੀ ਕ੍ਰੇਨ ਲਿਆ ਕੇ ਅਲਮਾਰੀ ਕੱਢ ਕੇ ਕਚਹਿਰੀ ਲੈ ਗਏ ਜੋ ਕਈ ਦਿਨ ਉੱਥੇ ਬਰਾਂਡੇ ਵਿੱਚ ਪਈ ਰਹੀ ਲੱਗਭਗ ਇਕ ਸਾਲ ਪਿੱਛੋਂ ਡੀ ਸੀ ਨੇ ਆਪਣੇ ਸਾਮ੍ਹਣੇ ਇਹ ਅਲਮਾਰੀ ਖੁਲ੍ਹਵਾ ਕੇ ਜੋ ਜੋ ਕਿਸੇ ਦਾ ਸਾਮਾਨ, ਲਿਸਟ ਬਣਵਾ ਕੇ ਲੋਕਾਂ ਦੇ ਹਵਾਲੇ ਕੀਤਾ।

**ਅਮਾਨਤ ਖਾਨੇ ਵਾਲੀ ਅਲਮਾਰੀ** - ਅਮਾਨਤਾਂ ਵਾਲੀ ਅਲਮਾਰੀ ਤੋੜ ਕੇ ਉਸ ਵਿੱਚੋਂ ਸਭ ਸਾਮਾਨ ਕੈਸ਼ 35000-00 ਰੁਪਏ ਲੁੱਟ ਕੇ ਲੈ ਗਏ।

**ਘੰਟਾ ਘਰ ਵਾਲੀ ਡਿਉਢੀ** - ਘੰਟਾ-ਘਰ ਵਾਲੀ ਡਿਉਢੀ ਗੋਲੀਆਂ ਨਾਲ ਛਾਨਣੀ ਹੋ ਗਈ ਜਿਸ ਨੂੰ ਸਰਕਾਰ ਨੇ ਰੋਗਣ ਰੰਗ ਤੇ ਸਫੈਦੀ ਨਾਲ ਨਿਸ਼ਾਨ ਮਿਟਾਉਣ ਦਾ ਯਤਨ ਕੀਤਾ। ਸੰਗਮਰਮਰ ਤੇ ਪੱਥਰਾਂ ਤੇ ਭੀ ਅਨੇਕਾਂ ਗੋਲੀਆਂ ਲਗੀਆਂ।

**ਸ੍ਰੀ ਗੁਰੂ ਰਾਮਦਾਸ ਜੀ ਦੀ ਲੰਗਰ ਇਮਾਰਤ** - ਇਸ ਲੰਗਰ ਦੀ ਇਮਾਰਤ ਬੜੀ ਰੀਝ ਨਾਲ ਤੇ ਮਜਬੂਤੀ ਨਾਲ ਬਾਬਾ ਖੜਕ ਸਿੰਘ ਜੀ ਨੇ ਬਣਵਾਈ। ਇਸ ਦਾ ਕੁਝ ਹਿੱਸਾ ਬੰਬਾ ਨਾਲ ਉੱਡ ਗਿਆ ਅਤੇ ਇਮਾਰਤ ਤੇ ਗੋਲੀਆਂ ਦੇ ਬਹੁਤ ਨਿਸ਼ਾਨ ਲੱਗੇ ਸਨ। ਤਿੰਨ ਹਜ਼ਾਰ ਸਟੀਲ ਦੀਆ ਥਾਲੀਆਂ, ਤਿੰਨ ਹਜ਼ਾਰ ਸਟੀਲ ਦੇ ਕੋਲੇ, 34 ਗੈਸ ਦੇ ਸਿਲੰਡਰ ਅਤੇ ਹੋਰ ਭੀ ਕਾਫੀ ਸਾਮਾਨ ਲੁੱਟ ਕੇ ਲੈ ਗਏ।

**ਦੁੱਖ ਭੰਜਨੀ ਬੇਰੀ** - ਦੁੱਖ ਭੰਜਨੀ ਸਾਹਿਬ ਵਾਲੀ ਦਰਸ਼ਨੀ ਡਿਉਢੀ ਦੀਆ ਸਭ ਰੋੜੀਆਂ ਤੋੜ ਭੰਨ ਕੇ ਸਾਫ ਢਾਲ ਕਰਕੇ ਟੈਂਕ ਇਸ ਡਿਉਢੀ ਤੋਂ ਲੰਘਾਏ। ਬਾਬਾ ਦੀਪ ਸਿੰਘ ਜੀ ਦੇ ਸ਼ਹੀਦ ਬੁੰਗੇ ਤੱਕ ਪਰਕਰਮਾ ਦਾ ਸਭ ਫਰਸ਼ ਉੱਥੇ ਤੱਕ ਸਭ ਬਹਿ ਗਿਆ ਜਿੱਥੋਂ ਤੱਕ ਟੈਂਕ ਲੰਘਾਏ ਸਨ।

**ਲਾਇਬ੍ਰੇਰੀ ਗੁਰੂ ਰਾਮਦਾਸ ਸਾਹਿਬ** - ਸਮੇਤ ਕਿਤਾਬਾਂ ਦੇ ਸਾੜ ਕੇ

ਬਿਲਕੁਲ ਸੁਆਹ ਕਰ ਦਿੱਤੀ।


ਸ੍ਰੀ ਦਰਬਾਰ ਸਾਹਿਬ ਦੇ ਅੰਦਰ ਘੰਟਾ ਘਰ ਵਾਲੇ ਦੇ ਕੁਆਟਰਾਂ ਵਿੱਚ ਤੇ ਬਾਬਾ ਦੀਪ ਸਿੰਘ ਦੇ ਸ਼ਹੀਦ ਬੁੰਗੇ ਵਾਲੇ ਪਾਸੇ ਦੀ ਦਰਸ਼ਨੀ ਡਿਉਢੀ ਵਿੱਚ ਜੋ ਅੰਦਰ ਮੁਲਾਜਮ ਰਹਿੰਦੇ ਸਨ, ਉਨ੍ਹਾਂ ਦੇ ਘਰਾਂ ਦਾ ਸਾਮਾਨ ਲੁੱਟ ਲਿਆ ਅਤੇ ਉਨ੍ਹਾਂ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਹਤਿਆਰੇ ਫੌਜੀਆਂ ਨੇ ਮਾਰ ਦਿੱਤਾ। ਕਈਆਂ ਨੂੰ ਗੁਰੂ ਰਾਮ ਦਾਸ ਜੀ ਦੀ ਸਰਾਂ ਵਿੱਚੋਂ ਕੱਢ ਕੇ ਮੁਸ਼ਕਾਂ ਬੰਨ੍ਹ ਕੇ ਬੱਚੇ, ਬੁੱਢੇ ਤੇ ਬੀਬੀਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ। ਕਈ ਪਾਣੀ ਤੋਂ ਤਿਰਹਾਏ ਪਾਣੀ-ਪਾਣੀ ਕਰਦੇ ਮਾਰੇ ਗਏ। ਪਤਾ ਲਗਾ ਹੈ ਕਿ ਇਕ ਦੋ ਮਹੀਨੇ ਦੇ ਬੱਚੇ ਨੂੰ ਭੀ ਇਨ੍ਹਾਂ ਹਤਿਆਰਿਆਂ ਨੇ ਗੋਲੀ ਨਾਲ ਉਡਾ ਦਿੱਤਾ।

ਗਿਆਨੀ ਸੋਹਣ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਨੂੰ ਸਮੇਤ ਉਨ੍ਹਾਂ ਦੇ ਪਰਿਵਾਰ ਦੇ ਘਰੋਂ ਫੜ ਕੇ ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ, ਉਨ੍ਹਾਂ ਨੂੰ ਬੜਾ ਕੁੱਟਿਆ ਜੇਕਰ ਉਹ ਮੂੰਹੋਂ ਵਾਹਿਗੁਰੂ ਜਾ ਗੁਰੂ ਰਾਮਦਾਸ ਕਹਿੰਦੇ ਸਨ ਤਾਂ ਹਤਿਆਰੇ ਫੌਜੀ ਕਹਿੰਦੇ ਸਨ, ਬੁਲਾ ਆਪਣੇ ਗੁਰੂ ਰਾਮਦਾਸ ਨੂੰ ਮੈਨੂੰ ਆ ਕੇ ਛੁਡਾਵੇ। ਇਨ੍ਹਾਂ ਦੇ ਪਰਿਵਾਰ ਨੂੰ ਬੰਨ੍ਹ ਕੇ ਉਸੇ ਤਰ੍ਹਾਂ ਟਰੱਕ ਵਿੱਚ ਸੁੱਟ ਕੇ ਪਾਣੀ ਤੋਂ ਤਰਸਦਿਆਂ ਕੋਤਵਾਲੀ ਲੈ ਗਏ। ਉੱਥੇ ਪੁਲਿਸ ਨੇ ਇਨ੍ਹਾਂ ਨੂੰ ਪਛਾਣ ਲਿਆ ਪਾਣੀ ਪਿਲਾਇਆ ਤੇ ਉਨ੍ਹਾਂ ਦੀ ਮੱਦਦ ਕੀਤੀ ਤੇ ਉਨ੍ਹਾਂ ਦੀ ਜਾਨ ਬੱਚ ਗਈ। ਗਿਆਨੀ ਸੋਹਣ ਸਿੰਘ ਕਿਤਨੇ ਦਿਨ ਕੋਤਵਾਲੀ ਹੀ ਰਹੇ ਸ੍ਰੀ ਦਰਬਾਰ ਸਾਹਿਬ ਦੇ ਕਿਤਨੇ ਹੀ ਅਖੰਡ-ਪਾਠੀ, ਗ੍ਰੰਥੀ ਅਤੇ ਸੇਵਾਦਾਰ ਇਸ ਘੱਲੂਘਾਰੇ ਵਿੱਚ ਮਾਰੇ ਗਏ। ਕਿਸੇ ਦਾ ਟੱਬਰ ਮਾਰ ਦਿੱਤਾ ਕਿਸੇ ਦਾ ਪਤੀ, ਕਈ ਬੱਚੇ ਮਾਰ ਦਿੱਤੇ। ਕਈ ਮਾਂਵਾਂ ਦੇ ਪੁੱਤਰਾਂ ਨੂੰ ਕੱਪੜੇ ਲੁਹਾ ਕੇ ਬਾਹਾਂ ਬੰਨ੍ਹ ਕੇ ਛਾਤੀਆਂ ਵਿੱਚ ਗੋਲੀਆਂ ਮਾਰ ਦਿੱਤੀਆਂ। ਕਈ ਅਧਮੋਏ ਜਿਨ੍ਹਾਂ ਵਿੱਚ ਅਜੇ ਸਾਹ ਸਨ , ਉਸੇ ਤਰ੍ਹਾਂ ਚੁੱਕ ਕੇ ਅੱਗ ਵਿੱਚ ਸੁੱਟ ਦਿੱਤੇ। ਕਈਆਂ ਦੇ ਕੇਸ ਗੱਲ ਨਾਲ ਘੁੱਟ ਕੇ ਬੰਨ੍ਹ ਕੇ ਸਾਹ ਘੁੱਟ ਕੇ ਮਾਰ ਦਿੱਤੇ। ਘਰਾਂ ਵਿੱਚ ਜੋ ਜੁਆਨ ਵੇਖਿਆਂ, ਮਾਰ ਦਿੱਤਾ ਜਾ ਫੜ ਕੇ ਲੈ ਗਏ। ਕਈਆ ਨੂੰ ਸਮਾਨ ਸਮੇਤ ਹੀ ਮਕਾਨਾਂ ਵਿੱਚ ਅੱਗ ਲਾ ਦਿੱਤੀ। ਬਾਜ਼ਾਰ ਪਾਪੜਾਂ ਵਾਲਾ ਬਾਜ਼ਾਰ ਮੁਨਿਆਰੀ, ਬਾਜ਼ਾਰ ਕਾਠੀਆਂ ਵਾਲਾ ਸਮੇਤ ਸਮਾਨਾਂ ਦੇ ਸਾੜ ਕੇ ਇਹ ਖੰਡਰਾਤ ਬਣਾ ਦਿੱਤੇ। ਜਿਨ੍ਹਾਂ ਸਿੱਖਾਂ ਨੂੰ ਮਸ਼ਕਾਂ ਬੰਨੀਆਂ ਬਣਾਈਆਂ ਹੀ ਗੋਲੀਆਂ ਮਾਰ ਕੇ ਖਤਮ ਕੀਤਾ ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਪੋਸਟ ਮਾਰਟਮ ਲਈ ਡਾਕਟਰਾਂ ਪਾਸ ਲੈ ਗਏ। ਡਾਕਟਰ ਭੀ ਜ਼ੁਲਮ ਵੇਖ ਕੇ ਕੁਰਲਾ ਉਠੇ। ਇਸ ਭਾਰੀ ਜ਼ੁਲਮ ਨੂੰ ਵੇਖ ਕੇ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਆਪਣੇ ਫੌਜੀ ਹਤਿਆਰਾ ਨੇ ਅਬਦਾਲੀ ਤੇ ਬਾਕੀ ਦੇ ਮੁਸਲਮਾਨਾਂ ਦੇ ਤਮਾਮ ਹਮਲਿਆਂ ਨੂੰ ਵੀ ਮਾਤ ਪਾ ਦਿੱਤਾ ਹੈ। ਫੌਜ ਨੇ ਇਸ ਤਰ੍ਹਾਂ ਹਮਲਾ ਕੀਤਾ ਜਿਸ ਤਰ੍ਹਾਂ ਕਿ ਅੱਗੇ ਹਿੰਦੁਸਤਾਨੀ ਨਹੀਂ ਸਨ। ਜੇਕਰ ਸਰਕਾਰ ਨੇ ਕੁਝ ਕਥਿਤ ਵਿਅਕਤੀਆਂ ਨੂੰ ਫੜਨਾ ਸੀ ਤਾਂ ਸਰਕਾਰ ਪਾਣੀ ਬੰਦ ਕਰ ਦਿੰਦੀ, ਗੈਸ ਛੱਡ ਦਿੰਦੀ, ਰਾਸ਼ਨ ਬੰਦ ਕਰ ਦਿੰਦੀ। ਇਸ ਭਿਆਨਕ ਹਮਲੇ ਨਾਲ ਅੱਜ ਦੋਹਾਂ ਪਾਸਿਓਂ ਆਪਣੇ ਹੀ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ। ਕਾਰੋਬਾਰ ਖਤਮ ਹੋ ਗਏ। ਹੁਣ ਸਰਕਾਰ ਕਹਿ ਰਹੀ ਹੈ ਜ਼ਖ਼ਮਾਂ ਤੇ ਮਲ੍ਹਮ ਲਾਓ। ਗੋਲੀਆਂ ਦੀ ਬਰਖਾ ਨਾਲ ਸ੍ਰੀ ਦਰਬਾਰ ਤੇ ਹੋਏ ਛੇਕ, ਅਕਾਲ ਤਖ਼ਤ ਨੂੰ ਖੰਡਰਾਤ ਬਣਾ ਦੇਣਾ, ਬੇਦੋਸ਼ੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾ ਹਜ਼ਾਰਾਂ ਦੀ ਗਿਣਤੀ ਵਿਚ ਸਾੜ ਕੇ ਸੁਆਹ ਕਰ ਦੇਣੀਆਂ, ਸਿੱਖਾਂ ਦਾ ਅਮੋਲਕ ਖਜ਼ਾਨਾ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਸਾੜ ਦੇਣਾ, ਇਸ ਭਾਰੀ ਜ਼ੁਲਮ ਨਾਲ ਸਿੱਖਾਂ ਦੇ ਦਿਲਾਂ ਵਿਚ ਡੂੰਘੇ ਛੇਕ ਹੋਏ ਹਨ, ਇਹ ਕਿਸ ਤਰ੍ਹਾਂ ਭਰੇ ਜਾਣ, ਇਹ ਜ਼ਖ਼ਮ ਕੁਝ ਮੱਧਮ ਪੈ ਜਾਂਦੇ ਜੇਕਰ ਸਰਕਾਰ ਮਿਲਟਰੀ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਕੱਢ ਲੈਂਦੀ। ਸੇਵਾ ਸ਼੍ਰੋਮਣੀ ਕਮੇਟੀ ਦੇ ਸਪੁਰਦ ਕਰ ਦਿੰਦੀ ਅਤੇ ਹਿੰਦੂ ਸਿੱਖ ਮਿਲ ਕੇ ਸੇਵਾ ਕਰਨ ਵਿਚ ਜੁੱਟ ਜਾਂਦੇ ਅਤੇ ਜਿਨ੍ਹਾਂ ਹਿੰਦੂ ਭਰਾਵਾਂ ਨੇ ਇਸ ਭਾਰੀ ਦੁਖਾਂਤ ਘਟਨਾ ਦੀ ਖੁਸ਼ੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਹਮਣੇ ਉਨ੍ਹਾਂ ਮਿਲਟਰੀ ਦੇ ਹਤਿਆਰਿਆਂ ਨੂੰ ਲੱਡੂ ਪੂੜੀਆਂ ਅਤੇ ਸਿਗਰਟਾਂ ਵੰਡੀਆਂ ਹਨ, ਉਹ ਇਸ ਕੀਤੇ ਅਪਰਾਧ ਵਜੋਂ ਪਸ਼ਚਾਤਾਪ ਕਰਕੇ ਮਾਫ਼ੀ ਮੰਗਦੇ। ਇਸ ਤਰ੍ਹਾਂ ਕੁਝ ਸ਼ਾਂਤੀ ਹੋ ਸਕਦੀ ਸੀ।

ਸਰਕਾਰ ਨੇ ਪਹਿਲੇ ਅਕਾਲੀ ਦਲ ਦੀਆਂ ਮੰਗਾਂ ਨੂੰ ਲੰਮਿਆਂ ਕਰਕੇ ਕੋਈ ਫੈਸਲਾ ਨਾਂ ਕੀਤਾ। ਅੰਤ ਸਰਕਾਰ ਨੇ ਬਲਿਊ ਸਟਾਰ ਉਪਰੇਸ਼ਨ ਕਰਕੇ ਭਾਰੀ ਤਬਾਹੀ ਕੀਤੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਤੋਂ ਛੁੱਟ ਕਈ ਗੁਰਦੁਆਰਿਆਂ ਦੀ ਬੇਅਦਬੀ ਕਰਕੇ ਸਰਕਾਰ ਨੇ ਸ. ਬੂਟਾ ਸਿੰਘ ਨੂੰ ਪ੍ਰੇਰਕਾਂ ਸੰਤਾਂ ਸਿੰਘ ਨਿਹੰਗ ਪਾਸੋਂ ਮਿਲਟਰੀ ਦੇ ਪਹਿਰੇ ਹੇਠ ਸੇਵਾ ਕਰਾਉਣ ਦਾ ਇਕ ਢਕਵੰਜ ਰਚਿਆ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵੀ ਆਮ ਸੰਗਤ ਤੇ ਪਾਬੰਦੀ ਲਾਉਣੀ, ਸ੍ਰੀ ਦਰਬਾਰ ਸਾਹਿਬ ਵਿਚ ਮਿਲਟਰੀ ਦਾ ਬਿਠਾਉਣਾ, ਇਨ੍ਹਾਂ ਲੂਣ ਦੇ ਛਿੱਟਿਆਂ ਨਾਲ ਸਿੱਖਾਂ ਦੇ ਛਾਣਨੀ ਹੋਏ ਦਿਲਾਂ ਤੇ ਜ਼ਖ਼ਮ ਸਰਕਾਰ ਨੇ ਹੋਰ ਡੂੰਘੇ ਕੀਤੇ। ਇਸ ਲਈ ਸਰਕਾਰ ਘੋਰ ਜ਼ੁਲਮ ਲਈ ਜ਼ੁੰਮੇਵਾਰ ਹੈ। ਇਸ ਜ਼ੁਰਮ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕਰਕੇ ਬੂਟਾ ਸਿੰਘ ਨੂੰ ਪੰਥ ਵਿਚੋਂ ਕੱਢ ਦਿੱਤਾ। ਇਨ੍ਹਾਂ ਦਿਨਾਂ ਵਿਚ ਸਰਕਾਰ ਨੇ ਡਾਕ ਆਦਿ ਦੀ ਖ਼ਬਰ ਪਹੁੰਚਾਉਣ ਦੇ ਸਭ ਜ਼ਰੀਏ ਬੰਦ ਕੀਤੇ ਹੋਏ ਸਨ। ਗੱਡੀਆਂ ਭੀ ਬੰਦ ਕੀਤੀਆਂ ਸਨ। ਇਨ੍ਹਾਂ ਦਿਨਾਂ ਵਿਚ ਹੀ ਮੈਨੂੰ ਦਿੱਲੀ ਤੇ ਗਿਆਨੀ ਸੰਤ ਸਿੰਘ ਜੀ ਨੇ ਕਰਫਿਊ ਦੌਰਾਨ ਇਕ ਬੰਦਾ ਆਇਆ ਜਿਸ ਰਾਹੀਂ ਇਹ ਪੁੱਛਿਆ ਕਿ ਉਥੇ ਕੋਈ ਖ਼ਬਰ ਨਹੀਂ ਹੈ। ਅੰਮ੍ਰਿਤਸਰ ਦਾ ਕੀ ਹਾਲ ਹੈ। ਮੈਂ ਉਸੇ ਵਕਤ ਇਕ ਚਿੱਠੀ ਬੜੀ ਕਾਹਲੀ ਨਾਲ ਮਸਕੀਨ ਜੀ ਨੂੰ ਕੁਝ ਉਪਰੋਕਤ ਦੱਸੇ ਤੱਥਾਂ ਸਾਰ, ਸ੍ਰੀ ਦਰਬਾਰ ਸਾਹਿਬ ਦੇ ਇਸ ਘੱਲੂਘਾਰੇ ਬਾਰੇ ਲਿਖ ਕੇ ਭੇਜੀ। ਇਸ ਚਿੱਠੀ ਰਾਹੀਂ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਖ਼ਬਰ ਦਿੱਲੀ ਪੁੱਜੀ ਜਿਸ ਨੂੰ 'ਸਿੰਘ ਸਾਹਿਬ ਗਿਆਨੀ ਚੇਤ ਸਿੰਘ ਦੀ ਇਤਿਹਾਸਕਾਰ ਚਿੱਠੀ' ਦੇ ਸਿਰਲੇਖ ਹੇਠ ਅਖ਼ਬਾਰਾਂ ਵਿਚ ਛਾਪਿਆ।

ਉਪਰੋਕਤ ਮਸਕੀਨ ਜੀ ਨੇ ਬੰਗਲਾ ਸਾਹਿਬ ਦੇ ਭਾਰੀ ਦਾਵਨ ਵਿਚ ਪੜ੍ਹ ਕੇ ਸੁਣਾਈ। ਕਹਿੰਦੇ ਹਨ ਕਿ ਚਿੱਠੀ ਦੀਆਂ ਕੁਝ ਸਤਰਾਂ ਹੀ ਪੜ੍ਹ ਕੇ ਸੁਣਾਈਆਂ ਤਾਂ ਮਸਕੀਨ ਜੀ ਦੇ ਅੱਖਾਂ ਵਿਚ ਅੱਥਰੂ ਵਹਿ ਗਏ, ਗਲਾ ਭਰ ਆਇਆ ਤਾਂ ਬਾਕੀ ਚਿੱਠੀ ਨਾਂ ਪੜ੍ਹ ਸਕੇ ਤਾਂ ਫਿਰ ਬਾਕੀ ਹਾਲਾਤ ਮਸਕੀਨ ਜੀ ਨਾਲ ਭਾਈ ਕਲਿਆਣ ਸਿੰਘ ਜੀ ਰਾਗੀ ਹੁੰਦੇ ਸਨ, ਉਨ੍ਹਾਂ ਪੜ੍ਹ ਕੇ ਸੁਣਾਏ ਤਾਂ ਸੰਗਤ ਵਿਚ ਸਰਨਾਟਾ ਛਾ ਗਿਆ। ਸੰਗਤਾਂ ਜਾਰੋ ਜਾਰ ਰੋ ਪਈਆਂ। ਉਸ ਚਿੱਠੀ ਦੀਆਂ ਹਜ਼ਾਰਾਂ ਕਾਪੀਆਂ ਕਰਕੇ ਸੰਗਤਾਂ ਨੇ ਕਈ ਦਿੱਲੀ ਅਤੇ ਕਈ ਦੇਸ਼ਾਂ 'ਚ ਵੰਡੀਆਂ। ਸ੍ਰੀ ਦਰਬਾਰ ਸਾਹਿਬ ਦੇ ਇਸ ਘੱਲੂਘਾਰੇ ਦੇ ਵਰਤਨ ਸਮੇਂ ਅਰਥਾਤ ਮਿਲਟਰੀ ਐਕਸ਼ਨ ਪਿਛੋਂ ਸਰਕਾਰ ਨੇ

ਇਸ ਹੋਏ ਜ਼ੁਲਮ ਨੂੰ ਛਪਾਉਣ ਲਈ ਕਈ ਜ਼ੁੰਮੇਵਾਰ ਸੱਜਣਾਂ ਪਾਸੋਂ ਸਰਕਾਰੀ ਟੈਲੀਵਿਜ਼ਨ ਤੇ ਬਿਆਨ ਦੁਆਏ ਮੇਰੇ ਪਾਸ ਵੀ ਕੋਈ ਦਸ ਕੁ ਸੱਜਣ ਆਏ ਕਹਿਣ ਲੱਗੇ ਤੁਹਾਡਾ ਬਿਆਨ ਲੈਣਾ ਹੈ। ਮੈਂ ਕਿਹਾ ਮੇਰਾ ਕਾਹਦਾ ਬਿਆਨ ਲੈਣਾ ਹੈ ਕਹਿਣ ਲੱਗੇ ਜੋ ਮਿਲਟਰੀ ਐਕਸ਼ਨ ਹੋਇਆ ਹੈ ਉਸਦੇ ਸੰਬੰਧ ਵਿਚ। ਮੈਂ ਕਿਹਾ ਮੇਰਾ ਇਸ ਨਾਲ ਕੀ ਸੰਬੰਧ ਹੈ, ਮੈਂ ਰਿਟਾਇਰ ਹਾਂ ਕਹਿਣ ਲੱਗੇ ਫਿਰ ਕੀ ਹੈ ਜੇ ਰਿਟਾਇਰਟ ਹੋ। ਮੈਂ ਕਿਹਾ ਜੇਕਰ ਮੈਂ ਬਿਆਨ ਦੇਵਾਂ ਵੀ ਤੁਸੀਂ ਮੇਰਾ ਬਿਆਨ ਕੱਟ ਕੇ ਆਪਣੀ ਮਰਜ਼ੀ ਦਾ ਬਿਆਨ ਲਾਉਣਾ। ਮੈਂ ਕਿਹਾ ਇਸ ਤੋਂ ਪਹਿਲਾਂ ਡੀ.ਆਈ.ਜੀ. ਅਟਵਾਲ ਦੀ ਮੌਤ ਹੋਈ। ਉਸ ਦੇ ਭੋਗ ਤੇ ਮੈਂ ਗਿਆ। ਮੈਂ ਬਿਆਨ ਦਿੱਤਾ ਕਿ ਮੈਨੂੰ ਚਾਲੀ ਸਾਲ ਹੋ ਗਏ ਹਨ ਸ੍ਰੀ ਦਰਬਾਰ ਦੀ ਸੇਵਾ ਵਿਚ ਆਇਆ ਨੂੰ ਪਰ ਮੇਰੇ ਸਮੇਂ ਵਿਚ ਅਜਿਹੀ ਦੁਖਦਾਈ ਘਟਨਾ ਦੇਖਣ ਵਿਚ ਨਹੀਂ ਆਈ ਕਿ ਇਕ ਸਿੱਖ ਸ੍ਰੀ ਦਰਬਾਰ ਸਾਹਿਬ ਆ ਕੇ ਮੱਥਾ ਟੇਕੇ, ਕੜਾਹ ਪ੍ਰਸਾਦ ਭੇਟੇ ਕਰੇ, ਕੀਰਤਨ ਬੈਠ ਕੇ ਸੁਣੇ ਉਪਰੰਤ ਅਰਦਾਸ ਕਰਕੇ ਬਾਹਰ ਨਿਕਲੇ ਅਤੇ ਉਸਨੂੰ ਦਰਬਾਰ ਸਾਹਿਬ ਤੋਂ ਨਿਕਲਦਿਆਂ ਹੀ ਗੋਲੀਆਂ ਨਾਲ ਉਡਾ ਦਿੱਤਾ ਜਾਵੇ। ਉਸ ਦੇ ਹੱਥ ਵਿਚ ਕੜਾਹ ਪ੍ਰਸਾਦ ਹੋਵੇ। ਇਹ ਸ੍ਰੀ ਦਰਬਾਰ ਸਾਹਿਬ ਹਿੰਦੂ ਸਿੱਖ ਸਭ ਦਾ ਸਾਂਝਾ ਹੈ। ਮੈਨੂੰ ਨਹੀਂ ਪਤਾ ਕਿ ਉਹ ਚੰਗਾ ਸੀ ਕਿ ਮਾੜਾ ਸੀ ਉਸ ਨੂੰ ਮਾਰਨ ਵਾਲੇ ਕੌਣ ਸਨ। ਇਸ ਗੱਲ ਨਾਲ ਮੇਰਾ ਕੋਈ ਵਾਸਤਾ ਨਹੀਂ। ਮੇਰਾ ਇਕੋ ਗੱਲ ਨਾਲ ਵਾਸਤਾ ਹੈ ਸ੍ਰੀ ਦਰਬਾਰ ਸਾਹਿਬ ਜੀ ਅੰਦਰ ਅਜਿਹੀ ਘਟਨਾ ਦਾ ਹੋਣਾ ਪਾਪ ਹੈ।



ਮੇਰੇ ਇਸ ਬਿਆਨ ਤੋਂ ਕੁਝ ਲੋਕ ਔਖੇ ਵੀ ਹੋਏ। ਫਿਰ ਇਕ ਬਿਆਨ ਹਿੰਦੂ ਸਿੱਖ ਏਕਤਾ ਲਈ ਦਿੱਤਾ। ਮੈਂ ਕਿਹਾ ਹਿੰਦੂਆਂ ਅਤੇ ਸਿੱਖਾਂ ਦਾ ਖ਼ੂਨ ਦਾ ਰਿਸ਼ਤਾ ਹੈ। ਇਹ ਵੱਖ ਨਹੀਂ ਹੋ ਸਕਦੇ ਜਿਸ ਤਰ੍ਹਾਂ ਨਹੁੰਆਂ ਨਾਲੋਂ ਮਾਸ ਵੱਖ ਨਹੀਂ ਹੋ ਸਕਦਾ। ਹਿੰਦੂਆਂ ਦੇ ਧਰਮ ਦੀ ਰਾਖੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਾਂਦਨੀ ਚੌਂਕ ਦਿੱਲੀ ਵਿਚ ਆਪਣਾ ਸੀਸ ਦੇ ਕੇ ਕੀਤੀ। ਸਿੱਖਾਂ ਨੇ ਹਿੰਦੂ ਬਹੁ ਬੇਟੀਆਂ ਦੀ ਰਾਖੀ ਕੀਤੀ। ਹਿੰਦੂਆਂ ਨੂੰ ਪੁਰਾਣਾ ਇਤਿਹਾਸ ਨਹੀਂ ਭੁਲਣਾ ਚਾਹੀਦਾ। ਇਸ ਪੁਰਾਣੇ ਇਤਿਹਾਸ ਨੂੰ ਆਪਣੇ ਅੱਖਾਂ ਸਾਹਮਣੇ ਰੱਖਣਾ ਚਾਹੀਦਾ ਹੈ। ਕੁਝ ਸਮੇਂ ਤੋਂ ਹਿੰਦੂ ਅਤੇ ਸਿੱਖਾਂ ਵਿਚ ਕੁੜੱਤਣ ਪੈਦਾ ਹੋ ਰਹੀ ਹੈ। ਜਿਸ ਨਾਲ ਪੰਜਾਬ ਦਾ ਵਾਤਾਵਰਣ ਖਰਾਬ ਹੋ ਰਿਹਾ ਹੈ। ਇਸ ਦਾ ਇਕੋ ਇਕ ਇਲਾਜ ਸਿੱਖਾਂ ਦੀਆਂ ਜੋ ਯੋਗ ਮੰਗਾਂ ਹਨ ਉਹ ਛੇਤੀ ਮੰਨ ਲਈਆਂ ਜਾਣ ਤਾਂ ਕਿ ਪੰਜਾਬ ਵਿਚ ਸ਼ਾਂਤ ਵਾਯੂਮੰਡਲ ਪੈਦਾ ਹੋਵੇ।

ਤੀਜਾ ਬਿਆਨ ਮੈਂ ਉਦੋਂ ਦਿੱਤਾ ਜਦੋਂ ਪਹਿਲੀ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾਂ ਵਿਚ ਗੋਲੀਆਂ ਨਾਲ ਅੱਠ ਸਿੰਘ ਮਾਰੇ ਗਏ ਤੇ ਕੁਝ ਬੀਬੀਆਂ ਬੱਚੇ ਜ਼ਖ਼ਮੀ ਹੋ ਗਏ। ਮੈਂ ਕਿਹਾ ਅਬਦਾਲੀ ਦੇ ਹਮਲਿਆਂ ਪਿਛੋਂ ਇਹ ਪਹਿਲਾ ਮੌਕਾ ਹੈ ਜਦੋਂ ਕਿ ਸ੍ਰੀ ਦਰਬਾਰ ਸਾਹਿਬ ਤੇ ਇਤਨੀਆਂ ਗੋਲੀਆਂ ਲੱਗੀਆਂ ਹੋਣ। ਮੈਂ ਕਿਹਾ ਕਿ ਸਰਕਾਰ ਦੋਸ਼ੀਆਂ ਨੂੰ ਫੜ ਕੇ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ ਭਾਵੇਂ ਕੋਈ ਵੀ ਹੋਵੇ। ਪਰ ਸਰਕਾਰ ਦੇ ਬਹਿਰੇ ਕੰਨਾਂ ਤੱਕ ਮੇਰੀ ਕਿਸੇ ਗੱਲ ਦਾ ਕੋਈ ਅਸਰ ਨਾ ਹੋਇਆ।

ਇਤਨੀਆਂ ਗੱਲਾਂ ਹੋਣ ਦੇ ਮੈਂ ਟੀ.ਵੀ. ਵਾਲੇ ਸੱਜਣਾਂ ਨੂੰ ਕਿਹਾ ਕਿ ਹੁਣ ਮੈਂ ਕੀ ਬਿਆਨ ਦੇਵਾਂ ਕੀ ਆਖਾਂ ਕਿ ਦਰਬਾਰ ਸਾਹਿਬ ਉੱਤੇ ਕੋਈ ਗੋਲੀ ਨਹੀਂ ਲੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਈ ਬੀੜ ਨਹੀਂ ਸੜੀ, ਕੀ ਅਕਾਲ ਤਖ਼ਤ ਬੰਬਾ ਨਾਲ ਖੰਡਰਾਤ ਨਹੀਂ ਬਣਿਆ। ਪੰਥ ਦਾ ਅਮੋਲਕ ਖਜ਼ਾਨਾ ਸਿੱਖ ਰੈਫਰੈਂਸ ਲਾਇਬ੍ਰੇਰੀ ਸੜ ਕੇ ਸੁਆਹ ਨਹੀਂ ਹੋਈ। ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਦਫ਼ਤਰ ਅਤੇ ਉਥੋਂ ਦਾ ਰਿਕਾਰਡ ਨਹੀਂ ਸੜ ਗਏ। ਮੈਂ ਹਿੰਦੂ ਸਿੱਖ ਏਕਤਾ ਦਾ ਜ਼ੋਰ ਦਿੰਦਾ ਰਿਹਾ ਹਾਂ। ਲੇਕਿਨ ਕਿਸੇ ਨਾ ਹਾਂ ਦਾ ਨਾਅਰਾ ਨਹੀਂ ਮਾਰਿਆ। ਮੈਂ ਜਾਰੋ ਜਾਰ ਰੋ ਰਿਹਾ ਸਾਂ, ਨਾਲੇ ਸਾਰੀਆਂ ਗੱਲਾਂ ਖੜਕਾ ਕੇ ਕੀਤੀਆਂ। ਉਹ ਫਿਰ ਚੁੱਪ ਚਾਪ ਚਲੇ ਗਏ।

ਮੈਨੂੰ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ, ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ 30 ਸਾਲ ਦੀ ਸੇਵਾ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਅੱਜ ਉਸ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਬਦਕਿਸਮਤੀ ਨਾਲ ਇਨ੍ਹਾਂ ਅੱਖਾਂ ਨਾਲ ਦੇਖਣੀ ਪਈ ਹੈ।

ਅਖੀਰ ਵਿਚ ਸਮੁੱਚੇ ਪੰਥ ਦੇ ਚਰਨਾਂ ਵਿਚ ਬੇਨਤੀ ਹੈ ਕਿ ਪੰਥ ਉੱਤੇ ਆਈ ਮੁਸੀਬਤ ਦਾ ਟਾਕਰਾ ਤਾਂ ਹੀ ਕਰ ਸਕੋ ਜੇਕਰ ਆਪਸ ਵਿਚ ਏਕਤਾ ਕਰ ਲਵੋਗੇ, ਆਪਸ ਵਿਚ ਇਕੱਠੇ ਹੋ ਜਾਵੋਗੇ ਤੇ ਮਿਲ ਕੇ ਕਲਗ਼ੀਧਰ ਪਿਤਾ ਦੇ ਚਰਨਾਂ ਵਿਚ ਅਰਦਾਸ ਕਰੋਗੇ। ਫਿਰ ਕਲਗ਼ੀਧਰ ਪਿਤਾ ਤੁਹਾਡੀ ਬੋਹੜਾਂ ਆਪ ਕਰੇਗਾ।

ਇਹ ਕੁਝ ਅੱਖੀਂ ਦੇਖੇ ਹਾਲਾਤ ਤੇ ਹੱਡ ਬੀਤੀਆਂ ਗੱਲਾਂ ਲਿਖ ਕੇ ਖਤਮ ਕਰਦਾ ਹਾਂ।

**ਗਿ. ਚੇਤ ਸਿੰਘ ਸਾਬਕਾ ਹੈੱਡ ਗ੍ਰੰਥੀ**
**ਸ੍ਰੀ ਦਰਬਾਰ ਸਾਹਿਬ,**
**ਲੱਖ ਅੰਮ੍ਰਿਤਸਰ**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਗੌਰਮਿੰਟ ਰਿਪੁਦਮਨ ਕਾਲਜ ਨਾਭਾ** : ਮਿਤੀ 30.12.1982 ਨੂੰ ਹੋਏ ਪ੍ਰੋਮੋਸ਼ਨ ਆਰਡਰਾਂ ਦੀ ਕਾਪੀ ਜਲਦੀ ਹੀ ਮਿਲ ਗਈ ਅਤੇ ਕਪੂਰਥਲਾ ਤੋਂ 07.01.1983 ਨੂੰ ਫਾਰਗ ਹੋਣ ਤੋਂ ਬਾਅਦ ਮੇਰੇ ਵੱਲੋਂ ਰਿਪੁਦਮਨ ਕਾਲਜ, ਨਾਭਾ ਵਿਖੇ ਪ੍ਰਿੰਸੀਪਲ ਦੇ ਤੌਰ 'ਤੇ 08.01.1983 ਨੂੰ ਜੌਆਇਨ ਕਰ ਲਿਆ ਗਿਆ। ਇਸ ਆਰਡਰ ਵਿੱਚ ਮੇਰੇ ਤੋਂ ਹੇਠਾਂ ਪ੍ਰੋ. ਹਰਮੰਦਰ ਸਿੰਘ ਦਾ ਨਾਂ ਵੀ ਸ਼ਾਮਿਲ ਸੀ ਜਿਸ ਨੇ ਆਰਡਰ ਤੋਂ ਅਗਲੇ ਦਿਨ 31.12.1982 ਨੂੰ ਹੀ ਸੇਵਾ ਮੁਕਤ ਹੋ ਜਾਣਾ ਸੀ। ਉਸ ਨੇ ਬਤੌਰ ਪ੍ਰਿੰਸੀਪਲ ਗੌਰਮਿੰਟ ਕਾਲਜ ਫਾਰ ਵੁਮੈਨ ਅੰਮ੍ਰਿਤਸਰ ਵਿਖੇ 31.12.1982 ਨੂੰ ਜੌਆਇਨ ਕੀਤਾ ਅਤੇ ਉਸੇ ਦਿਨ ਉਸੇ ਕਾਲਜ ਤੋਂ ਸ਼ਾਮ ਨੂੰ ਸੇਵਾ ਮੁਕਤ ਹੋ ਗਏ। ਲੱਗਦਾ ਏ ਕਿ ਉਸ ਨੂੰ ਇਕ ਦਿਨ ਲਈ ਪ੍ਰਿੰਸੀਪਲ ਬਣਾਉਣ ਲਈ ਇਹ ਆਰਡਰ 30.12.1982 ਨੂੰ ਕਰ ਦਿੱਤੇ ਗਏ। ਅਸੀਂ ਇਸ ਲਈ ਪੰਜਾਬ ਸਰਕਾਰ ਦੇ ਸ਼ੁਕਰ ਗੁਜ਼ਾਰ ਹਾਂ।

ਉਸੇ ਆਰਡਰ ਵਿੱਚ ਮੇਰੇ ਤੋਂ ਉੱਪਰ ਪ੍ਰੋ. ਸਾਧੂ ਸਿੰਘ ਲੈਕਚਰਾਰ ਗਣਿਤ ਗੌਰਮਿੰਟ ਕਾਲਜ ਨਾਭਾ ਦਾ ਨਾਂ ਵੀ ਸ਼ਾਮਿਲ ਸੀ ਜਿਸ ਦੀ ਪੱਦ ਉਨਤੀ ਦੇ ਨਾਲ ਹੀ ਗੌਰਮਿੰਟ ਕਾਲਜ ਗੁਰੂ ਤੇਗ ਬਹਾਦਰ ਗੜ੍ਹ ਜ਼ਿਲ੍ਹਾ ਫਰੀਦਕੋਟ ਵਿਖੇ ਬਦਲੀ ਦੇ ਆਰਡਰ ਵੀ ਕਰ ਦਿੱਤੇ ਗਏ। ਪਰ ਉਹ ਉਥੇ ਜੌਆਇਨ ਕਰਨ ਨਹੀਂ ਗਏ। ਇੱਕੋ ਵਿਸ਼ਾ ਹੋਣ ਕਰਕੇ ਅਸੀਂ ਪਹਿਲਾਂ ਤੋਂ ਇਕ ਦੂਜੇ ਨੂੰ ਜਾਣਦੇ ਸਾਂ। ਉਨ੍ਹਾਂ ਨੇ ਮੇਰੇ ਰਹਿਣ ਦਾ ਪ੍ਰਬੰਧ ਖਾਲੀ ਹੋਏ ਪ੍ਰਿੰਸੀਪਲ ਕੁਆਰਟਰ ਵਿੱਚ ਕਰ ਦਿੱਤਾ ਅਤੇ ਖਾਣਾ ਆਪਣੇ ਘਰ ਤੋਂ ਭੇਜਦੇ ਰਹੇ। ਇਹ ਕਾਲਜ ਮਹਾਰਾਜਾ ਰਿਪੁਦਮਨ ਸਿੰਘ ਦੀ ਯਾਦ ਵਿੱਚ 1946 ਵਿੱਚ ਬਣਾਇਆ ਗਿਆ ਸੀ। ਇਸ ਦੀ ਬਿਲਡਿੰਗ ਕਦੇ ਮਹਾਰਾਜਾ ਹੀਰਾ ਸਿੰਘ ਦਾ ਪੈਲਸ ਹੁੰਦਾ ਸੀ। ਇਹ ਇੱਕ ਸਾਂਝੀ ਵਿਦਿਆ ਵਾਲੀ ਵੱਡੀ ਸੰਸਥਾ ਹੈ, ਜਿਥੇ ਸਾਇੰਸ ਅਤੇ ਆਰਟਸ ਡਿਗਰੀ ਤੱਕ, ਅੰਗਰੇਜ਼ੀ, ਇਕਨਾਮਿਕਸ ਅਤੇ ਪੋਲੀਟੀਕਲ ਸਾਇੰਸ ਵਿਸ਼ੇ ਦਾ ਐਮ.ਏ. ਤੱਕ ਦਾ ਸਿੱਖਿਆ ਦਾ ਪ੍ਰਬੰਧ ਵੀ ਹੈ। ਇਸ ਕਾਲਜ ਵਿੱਚ 55 ਲੈਕਚਰਾਰ ਸਨ। ਉਸ ਸਾਲ ਕੁੱਲ 1179 ਵਿਦਿਆਰਥੀ ਦਾਖਲ ਕੀਤੇ ਗਏ ਜਿਨ੍ਹਾਂ ਵਿੱਚ 141 ਲੜਕੀਆਂ ਵੀ ਸ਼ਾਮਿਲ ਸਨ। ਐਮ.ਏ. ਦੀਆਂ ਕਲਾਸਾਂ ਸ਼ਾਮ ਨੂੰ ਲਗਦੀਆਂ ਸਨ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਅਫਿਲੀਏਟਡ ਹੈ। ਲਗਭਗ ਤਿੰਨ ਮਹੀਨੇ ਦੇ ਥੋੜ੍ਹੇ ਸਮੇਂ ਵਿੱਚ ਕਾਲਜ ਦੇ ਤਿੰਨ ਸਮਾਗਮ ਆਯੋਜਿਤ ਕਰਵਾ ਦਿੱਤੇ ਗਏ।

**ਸੰਗੀਤ ਮਹਿਫ਼ਲ** : ਫ਼ਰਵਰੀ ਦੇ ਮਹੀਨੇ ਵਿੱਚ ਕਾਲਜ ਦੀ ਵਿਦਿਆਰਥੀ ਯੂਨੀਅਨ ਦੇ ਉੱਦਮ ਨਾਲ ਇੱਕ ਸੰਗੀਤ ਮਹਿਫ਼ਲ ਦਾ ਪ੍ਰਬੰਧ ਕੀਤਾ ਗਿਆ। ਇਸ ਵਿੱਚ ਪ੍ਰਸਿੱਧ ਗਾਇਕ ਜੋੜੇ ਜਗਮੋਹਨ ਕੌਰ ਅਤੇ ਕੇ. ਦੀਪ ਨੇ ਆਪਣੀ ਸੰਗੀਤ ਕਲਾ ਨਾਲ ਵਿਦਿਆਰਥੀਆਂ ਨੂੰ ਮੰਤਰ-ਮੁਗਧ ਕੀਤਾ।

**ਸਾਲਾਨਾ ਖੇਡ ਸਮਾਗਮ** : ਕਾਲਜ ਦਾ 34ਵਾਂ ਸਾਲਾਨਾ ਖੇਡ ਸਮਾਗਮ 28 ਫਰਵਰੀ ਅਤੇ 01 ਮਾਰਚ 1983 ਨੂੰ ਮਨਾਇਆ ਗਿਆ। ਉਦਘਾਟਨ ਸਾਬਕਾ ਪ੍ਰਿੰਸੀਪਲ ਬੀ.ਡੀ. ਬੱਤਾ ਜੀ ਨੇ ਕੀਤਾ ਅਤੇ ਇਨਾਮ ਵੰਡਣ ਦੀ ਰਸਮ ਪੰਜਾਬੀ ਯੂਨੀਵਰਸਿਟੀ ਦੇ ਕਾਲਜ ਵਿਕਾਸ ਕੌਂਸਲ ਦੇ ਡੀਨ ਪ੍ਰਿੰਸੀਪਲ ਸਰਵਣ ਸਿੰਘ ਜੀ ਨੇ ਅਦਾ ਕੀਤੀ। ਪ੍ਰਿੰਸੀਪਲ ਸਰਵਣ ਸਿੰਘ ਨਾਭੇ ਦੇ ਵਸਨੀਕ ਹਨ। ਅਸੀਂ ਲਾਹੌਰ ਤੋਂ ਇਕ ਦੂਜੇ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹਾਂ। ਉਸ ਦਿਨ ਸ਼ਾਮ ਨੂੰ ਉਨ੍ਹਾਂ ਦੀ ਗਜ਼ਲ ਗੋਈ ਦਾ ਵੀ ਆਨੰਦ ਮਾਣਿਆ।

**ਸਾਲਾਨਾ ਇਨਾਮ ਵੰਡ ਸਮਾਗਮ** : ਯੂਨੀਵਰਸਿਟੀ ਇਮਤਿਹਾਨਾਂ, ਖੇਡਾਂ, ਯੂਥ ਫੈਸਟੀਵਲ, ਐਨ.ਐਸ.ਐਸ., ਐਨ.ਸੀ.ਸੀ. ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਮੁੱਖ ਮਹਿਮਾਨ ਚੌਧਰੀ ਦਰਸ਼ਨ ਸਿੰਘ ਪ੍ਰਧਾਨ ਪੰਜਾਬ ਰਾਜ ਮੰਡੀ ਬੋਰਡ ਦੀ ਪ੍ਰਧਾਨਗੀ ਹੇਠ 25.03.1983 ਨੂੰ ਕੀਤੀ ਗਈ। ਵਾਰਸ਼ਿਕ ਰਿਪੋਰਟ 1982-83 ਪ੍ਰਿੰਸੀਪਲ ਵਰਿਆਮ ਸਿੰਘ ਪੀ.ਈ.ਐਸ.(1) ਨੇ ਪੜ੍ਹੀ।

ਜਿਵੇਂ ਉੱਪਰ ਲਿਖਿਆ ਗਿਆ ਹੈ ਕਿ ਇਸ ਕਾਲਜ ਦੇ ਪ੍ਰੋ. ਸਾਧੂ ਸਿੰਘ ਪ੍ਰਿੰਸੀਪਲ ਬਨਣ ਤੇ ਗੁਰੂ ਤੇਗ ਬਹਾਦਰ ਗੜ੍ਹ ਨਹੀਂ ਗਏ। ਉਹ ਨਾਭੇ ਦੇ ਇੱਕ ਪੰਜਾਬ ਮੰਤਰੀ ਦੀ ਸਹਾਇਤਾ ਨਾਲ ਏਸੇ ਕਾਲਜ ਵਿੱਚ ਰਹਿ ਕੇ ਪ੍ਰਿੰਸੀਪਲ ਬਨਣ ਲਈ ਯਤਨਸ਼ੀਲ ਸਨ। ਆਖਰ ਉਨ੍ਹਾਂ ਦਾ ਇਹ ਯਤਨ ਸਫਲ ਹੋ ਗਿਆ। ਉਹ ਏਥੇ ਦੇ ਪ੍ਰਿੰਸੀਪਲ ਬਣ ਗਏ ਅਤੇ ਮੇਰੀ ਬਦਲੀ ਗੌਰਮਿੰਟ ਗੁਰੂ ਨਾਨਕ ਕਾਲਜ ਕਾਲਾ ਅਫਗਾਨਾਂ ਦੀ ਹੋ ਗਈ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਸੁਰਿੰਦਰ ਸਿੰਘ ਰੂਬੀ**



ਬਿੱਟੂ ਲਹਿਰੀ

## ਸ਼ੇਅਰ

1. **ਬੁੱਢਾ ਜੱਲ੍ਹਾ ਛੋਟਾ ਛੱਲਾ, ਤੇ ਅੰਨ ਪਕਾਵੇ ਕੌਣ ।**
2. **ਸਿੰਨਾ ਬਾਲਣ ਧੂਆਂ ਕਰਦਾ, ਅੱਖੀਆਂ ਲੱਗੀਆਂ ਰੋਣ।**
3. **ਸੀਤ ਹਵਾਵਾਂ ਪਿੰਡਾ ਠਾਰਨ, ਤੇ ਚੱਲੇ ਪੁਰੇ ਦੀ ਪੌਣ।**
4. **ਕੱਪੜੇ ਧੋਤੇ ਪੱਤਣ ਜੱਲ੍ਹੇ, ਗਿੱਲੇ ਕਿੱਥੇ ਸਕਾਉਣ ।**
5. **ਪਾਵੇ ਦੇ ਨਾਲ ਬੱਕਰੀ ਬੰਨੀ, ਤੇ ਦੁੱਧ ਦੇਵੇ ਨਾ ਚੋਣ।**
6. **ਭੁੱਖਾ ਢਿੱਡ ਕੀ ਲੋਰੀ ਸੁਨਾਵੇ, ਨਾ ਮੰਜ਼ੇ ਟਿਕਦੀ ਧੌਣ।**
7. **ਭੁੱਖਿਆ ਰਾਤ ਸਦੀ ਦੀ ਲੱਗੇ, ਤੇ ਗੜਕੇ ਬੱਦਲ ਕਾਲਾ।**
8. **ਕੱਚਾ ਅੰਨ ਨਾ ਪੱਕਿਆ 'ਲਹਿਰੀ' ਰਾਤੀ ਹੋਇਆ ਕਿਵੇਂ ਗੁਜ਼ਾਰਾ।**

**ਵਿਸਥਾਰ** - ਰਾਤ ਦੇ ਤੇਜ਼ ਮੀਂਹ ਨਾਲ ਜੱਲ੍ਹੇ ਦਾ ਚੁੱਲ੍ਹਾ ਵੀ ਖੁਰ ਗਿਆ। ਘਰ ਵਿੱਚ ਪਿਆ ਬਾਲਣ ਪਾਣੀ ਵਿੱਚ ਰੁੜ੍ਹ ਗਿਆ, ਘਰ ਵਿੱਚ ਰੱਖੀ ਪਾਲਤੂ ਬੱਕਰੀ ਦੁੱਧ ਨਾ ਦਿੱਤਾ। ਬਾਰਸ਼ ਵਿੱਚ ਠੰਡ ਹੋਰ ਵੀ ਵੱਧ ਗਈ। ਤਨ ਤੇ ਪਾਏ ਕੱਪੜੇ ਵੀ ਠੰਡੇ ਠਾਰ ਹੋ ਗਏ ਦੰਦਾਂ ਨਾਲ ਦੰਦ ਵੱਜਦੇ ਤੇ ਹੋਠ ਵੀ ਨੀਲੇ ਹੋ ਗਏ। ਜੱਲ੍ਹੇ ਨੇ ਸੋਤ ਵਿਛਾ ਲਈ। ਜੱਲ੍ਹੇ ਨੇ ਆਪਣੇ ਪੁੱਤਰ ਛੱਲੇ ਨੂੰ ਹਿੱਕ ਨਾਲ ਲਾ ਕੇ ਕਿਹਾ ਪੁੱਤਰ ਮੈਂ ਤੈਨੂੰ ਛਾਤੀ ਵਿੱਚੋਂ ਦੁੱਧ ਤਾਂ ਨਹੀਂ ਪਿਆ ਸਕਦਾ। ਪਰ ਮੇਰੀ ਛਾਤੀ ਦੀ ਨਿੱਘ ਤੈਨੂੰ ਠੰਡ ਤੋਂ ਜ਼ਰੂਰ ਬਚਾ ਲਵੇਗੀ। ਛੱਲੇ ਨੂੰ ਪਿਉ ਦੀ ਛਾਤੀ ਦੀ ਨਿੱਘ ਛੱਲੇ ਨੂੰ ਗੂੜੀ ਨੀਂਦਰ ਦਾ ਆਨੰਦ ਕਿਵੇਂ ਦੁਆਇਆ ਏ –

## ਸ਼ੇਅਰ

1. **ਪਿਉ ਨੇ ਪੁੱਤ ਦੀ, ਪੁੱਤ ਨੇ ਪਿਉ ਦੀ, ਨਿੱਘ ਲਈ ਸੀ ਰਲ ਕੇ ਸੁੱਤੇ।**
2. **ਛਾਤੀ ਦੇ ਨਾਲ ਲਾਇਆ ਛੱਲਾ, ਤੇ ਪਾਇਆ ਤਰੱਪੜ ਉੱਤੇ।**
3. **ਕੱਚੇ ਢਾਰੇ ਚੋਵਣ ਲੱਗ ਗਏ, ਕੀ ਕੋਈ ਆਣ ਕਿਸੇ ਨੂੰ ਪੁੱਛੇ।**
4. **ਜੱਲ੍ਹਾ ਆਖੇ ਵਾਹ ਮੇਰੇ ਮੌਲ੍ਹਾ, ਤੂੰ ਮੀਂਹ ਘੱਲਿਆ ਕਿਹੜੀ ਰੁੱਤੇ।**
5. **ਆਫਤ ਦਾ ਸੀ ਮੀਂਹ ਆ ਗਿਆ, ਕਿਵੇਂ ਬਚੇ ਸੀ ਲੱਗ ਕੇ ਗੁੱਠੇ।**
6. **ਚਾਰ ਪਾਹਰਾਂ ਦੀ ਰਾਤ ਲਹਿਰੀਆਂ, ਐਨੀ ਛੇਤੀ ਕਿੱਥੋਂ ਮੁੱਕੇ।**

**ਵਿਸਥਾਰ** - ਦਿਨ ਚੜ੍ਹ ਆਇਆ ਸੀ ਤਾਂ ਅਸਮਾਨਾਂ ਤੋਂ ਪਰੀਆਂ ਨੇ ਤੱਕਿਆ ਕਿ ਛੱਲਾ ਅੱਜ ਨਜ਼ਰ ਨਹੀ ਆ ਰਿਹਾ। ਤਾਂ ਪਰੀਆਂ ਦੀ ਰਾਣੀ ਨੇ ਆ ਕੇ ਦਰਵਾਜ਼ੇ ਵਿੱਚੋਂ ਨਜ਼ਰ ਮਾਰੀ ਤਾਂ ਜੱਲ੍ਹਾ ਤੇ ਛੱਲਾ ਦੋਵੇਂ ਗੂੜੀ ਨੀਂਦਰ ਵਿੱਚ ਸੁੱਤੇ ਹੋਏ ਸਨ ਤਾਂ ਪਰੀ ਨੇ ਅਵਾਜ਼ ਮਾਰੀ, "ਛੱਲਿਆ ਉੱਠ ਖੜਾ ਹੋ ਜਾ ਦਿਨ ਚੜ੍ਹ ਆਇਆ ਹੈ।" ਛੱਲੇ ਨੇ ਆਪਣੇ ਅੱਬੂ ਨੂੰ ਉਠਾਇਆ ਤੇ ਕਿਹਾ। ਅੱਬੂ ਬਾਹਰੋਂ ਕਿਸੇ ਨੇ ਅਵਾਜ਼ ਮਾਰੀ ਹੈ। ਕਿ ਦਿਨ ਚੜ੍ਹ ਗਿਆ। ਜੱਲ੍ਹੇ ਨੇ ਉੱਠ ਕੇ ਬੂਹਾ ਖੋਲਿਆ ਤਾਂ ਅਸਮਾਨ ਸਾਫ ਦੇਖ ਕੇ ਆਪਣੇ ਪੁੱਤਰ ਛੱਲੇ ਨੂੰ ਕਹਿੰਦਾ, "ਦਿਨ ਤਾਂ ਬਹੁਤ ਚਿਰ ਦਾ ਚੜ੍ਹ ਗਿਆ ਏ ਪੁੱਤਰਾ। ਪਰ ਇੱਥੇ ਤਾਂ ਨੇੜੇ ਤੇੜੇ ਵੀ ਕੋਈ ਨਹੀਂ ਕਿਸ ਨੇ ਆਵਾਜ਼ ਮਾਰੀ ਹੋਵੇ।"

ਛੱਲੇ ਨੇ ਕਿਹਾ, "ਅੱਬੂ ਉਹ ਆਵਾਜ਼ ਮਾਰ ਕੇ ਚਲੇ ਗਏ, ਹਾਂ ਉਹਨਾਂ ਨੇ ਆਵਾਜ਼ ਤਾਂ ਮੈਨੂੰ ਹੀ ਮਾਰੀ ਸੀ। ਪਰੀਆਂ ਦੀ ਰਾਣੀ ਵਾਪਸ ਆਪਣੇ ਦੇਸ਼ ਪਰੀਆਂ ਕੋਲ ਪਹੁੰਚੀ ਤਾਂ ਪਰੀਆਂ ਛੱਲੇ ਦੀ ਗੱਲ ਸੁਨਣ ਨੂੰ ਉਤਾਵਲੀਆਂ ਹੋਈਆਂ ਬੈਠੀਆਂ ਸਨ। ਕਿ ਸਾਡੀ ਰਾਣੀ ਆ ਕੇ ਸਾਨੂੰ ਛੱਲੇ ਬਾਰੇ ਦੱਸੇ ਪਰੀਆਂ ਦੀ ਰਾਣੀ ਨਾਲ ਪਰੀਆਂ ਦੇ ਸੁਆਲ ਜੁਆਬ ਕਿਸ ਤਰ੍ਹਾਂ ਸਨ।

# ਕੌਮੀ ਕਵੀ ਦੀਵਾਨ ਸਿੰਘ ਮਹਿਰਮ



ਲੁਬਾਣਾ ਕੌਮ ਨਾਲ ਸੰਬੰਧ ਰੱਖਣ ਵਾਲੇ ਸਰਵਸ਼੍ਰੀ ਦੀਵਾਨ ਸਿੰਘ ਮਹਿਰਮ, ਦਰਸ਼ਨ ਸਿੰਘ ਸਾਜਨ ਅਤੇ ਸਰਦਾਰ ਸਿੰਘ ਦਰਦੀ ਪਿਛਲੇ ਦੌਰ ਦੇ ਪ੍ਰਸਿੱਧ ਕਵੀ ਹੋਏ ਹਨ। ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਕੌਮੀ ਕਵੀ ਹੋਣ ਦਾ ਮਾਣ ਹਾਸਲ ਹੈ। ਇਨ੍ਹਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਲੁਬਾਣਾ ਕੌਮ ਨੂੰ ਜਾਗਰੂਕ ਕਰਨ ਵਿਚ ਵਿਸ਼ੇਸ਼ ਰੋਲ ਅਦਾ ਕੀਤਾ। ਸ. ਦੀਵਾਨ ਸਿੰਘ ਮਹਿਰਮ ਉਸ ਸਮੇਂ ਦਾ ਸਟੇਜ ਦਾ ਮਾਹਰ ਕਵੀ ਦੱਸਿਆ ਜਾਂਦਾ ਹੈ। ਉਸ ਨੇ ਧਾਰਮਿਕ ਕਾਵਿ ਅਤੇ ਗ਼ਜ਼ਲ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। ਸੰਨ 1967 ਵਿਚ ਉਸ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ 1969 ਵਿਚ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਉਸ ਦੀ ਪੁਸਤਕ 'ਪਾਣੀ 'ਤੇ ਲਕੀਰਾਂ' ਨੂੰ ਸਰਵੋਤਮ ਪੁਸਤਕ ਕਰਾਰ ਦਿੱਤਾ ਗਿਆ।

ਦੀਵਾਨ ਸਿੰਘ ਮਹਿਰਮ ਉਸਾਰੂ ਸੋਚ ਵਾਲਾ ਸਤਿਕਾਰਤ ਕਵੀ ਸੀ ਜਿਸ ਦੀਆਂ ਧਾਰਮਿਕ, ਸਮਾਜਿਕ ਅਤੇ ਦੇਸ਼ ਪਿਆਰ ਦੇ ਵਿਸ਼ਿਆਂ ਨਾਲ ਸੰਬੰਧਤ ਕਵਿਤਾਵਾਂ, ਗ਼ਜ਼ਲਾਂ ਆਲ ਇੰਡੀਆ ਰੇਡੀਓ ਜਲੰਧਰ ਤੋਂ ਵੀ ਪ੍ਰਸਾਰਿਤ ਹੁੰਦੀਆਂ ਰਹੀਆਂ ਹਨ। ਕੌਮੀ ਕਵੀ ਰਹੇ ਦੀਵਾਨ ਸਿੰਘ ਮਹਿਰਮ (1914-1972) ਦਾ ਜਨਮ ਪਿੰਡ ਨੰਗਲ ਸ਼ਾਹੂ ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਪੰਜਾਬ) ਵਿਚ ਸ. ਰਾਮ ਸਿੰਘ ਦੇ ਘਰ ਹੋਇਆ। ਉਸ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਲਈ, ਮਿਡਲ ਪਾਸ ਪਸਰੂਰ ਤੋਂ ਅਤੇ ਮੈਟ੍ਰਿਕ ਲਾਹੌਰ ਤੋਂ ਕੀਤੀ। ਉਹ ਪੰਜਾਬੀ, ਉਰਦੂ ਅਤੇ ਫ਼ਾਰਸੀ ਦੇ ਵਧੀਆ ਵਿਦਵਾਨ ਤੇ ਗ਼ਜ਼ਲਗੋ ਵੀ ਸਨ। ਦੇਸ਼ ਦੀ ਵੰਡ ਤੋਂ ਬਾਅਦ ਉਹ ਪਿੰਡ ਭੈਣੀ ਪਸਵਾਲ ਤਹਿਸੀਲ ਗੁਰਦਾਸਪੁਰ ਵਿਚ ਆ ਵਸੇ। ਉਹ ਸਟੇਜੀ ਕਵੀ ਦਰਬਾਰਾਂ ਦਾ ਮਾਣ ਅਤੇ ਸ਼ਾਨ ਸਨ। ਮਹਿਰਮ ਹੁਰਾਂ ਦੀਆਂ ਚੋਣਵੀਆਂ ਰਚਨਾਵਾਂ ਹਨ : ਸਰਬੱਤ ਦਾ ਭਲਾ, ਤੱਤੀ ਤਵੀ, ਨਿਰੰਕਾਰੀ ਨੂਰ, ਕਲਗੀ ਵਾਲਾ, ਬੋਲਿਆ ਹਿਮਾਲੀਆ, ਜੀਵੇ ਦੇਸ਼ ਮਹਾਨ, ਦੁਸ਼ਟ ਦਮਨ, ਮਿਰਜ਼ਾ ਕਾਦੀਆਂ, ਰੁਬਾਈਆਂ, ਬਾਬਲ ਵਰ ਲੋੜੀਏ, ਪਾਣੀ 'ਤੇ ਲਕੀਰਾਂ (ਗ਼ਜ਼ਲ ਸੰਗ੍ਰਹਿ) ਆਦਿ।

ਜਿਥੇ ਵਕਤੀ ਸਰਕਾਰਾਂ ਵੱਲੋਂ ਲੁਬਾਣਾ ਕੌਮ ਦੇ ਦੀਵਾਨ ਸਿੰਘ ਮਹਿਰਮ ਵਰਗੇ ਉਸਤਾਦ ਕਵੀਆਂ ਨੂੰ ਸਨਮਾਨੇ ਜਾਣ ਤੇ ਸਾਨੂੰ ਫ਼ਖ਼ਰ ਮਹਿਸੂਸ ਹੋਣਾ ਚਾਹੀਦਾ ਹੈ। ਉਥੇ ਸਾਡੇ ਸਮੇਂ ਦੀਆਂ ਸਰਕਾਰਾਂ ਵੱਲੋਂ ਵੀ ਸਮਕਾਲੀ ਲੇਖਕਾਂ, ਕਵੀਆਂ, ਕਥਾ-ਕੀਰਤਨੀਆਂ ਅਤੇ ਕਵੀਸ਼ਰਾਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਨੂੰ ਵੇਖਿਆ ਵਿਚਾਰਿਆ ਜਾਣਾ ਚਾਹੀਦਾ ਹੈ। ਏਥੇ ਵੰਨਗੀ ਵਜੋਂ ਪੇਸ਼ ਹੈ ਸਾਡੇ ਕੌਮੀ ਕਵੀ ਦੀਵਾਨ ਸਿੰਘ ਮਹਿਰਮ ਦੀ ਇਕ ਚਰਚਿਤ ਕਵਿਤਾ -

**ਮੈਨੂੰ ਫੜ ਲਓ ਲੰਡਨ ਵਾਸੀਓ**

**(ਊਧਮ ਸਿੰਘ ਦੀ ਲਲਕਾਰ)**

ਮੈਨੂੰ ਫੜ ਲਓ ਲੰਡਨ ਵਾਸੀਓ! ਮੈਂ ਖੜ੍ਹਾ ਪੁਕਾਰਾਂ।
ਮੈਂ ਕਾਤਲ ਓਡਵਾਇਰ ਦਾ, ਮੈਂ ਗੋਲੀ ਮਾਰੀ।
ਮੈਂ ਇਕਬਾਲੀ ਜੁਰਮ ਦਾ, ਨਹੀਂ ਜਿੰਦ ਪਿਆਰੀ।
ਮੈਂ ਨੱਸਣਾ ਮੂਲ ਨਹੀਂ ਚਾਹੁੰਦਾ, ਕੋਈ ਮਾਰ ਉਡਾਰੀ।
ਮੈਂ ਪੇਸ਼ ਕਰਾਂ ਖ਼ੁਦ ਆਪ ਨੂੰ, ਕੋਈ ਨਹੀਂ ਲਚਾਰੀ।
ਮੈਂ ਉੱਚੀ-ਉੱਚੀ ਬੋਲ ਕੇ, ਲਾਉਂਦਾ ਹਾਂ ਟਾਹਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ! ਮੈਂ ਖੜ੍ਹਾ ਪੁਕਾਰਾਂ।

ਮੈਂ ਵਾਸੀ ਦੇਸ਼ ਪੰਜਾਬ ਦਾ, ਜੋਧਾ ਬਲਕਾਰੀ।
ਮੇਰਾ ਊਧਮ ਸਿੰਘ ਏ ਨਾਮ ਸੁਣੋ, ਸਾਰੇ ਨਰ ਨਾਰੀ।
ਮੈਂ ਆਇਆ ਦੂਰੋਂ ਚੱਲ ਕੇ, ਕਟ ਮੰਜ਼ਿਲ ਭਾਰੀ।
ਮੈਂ ਦੁਸ਼ਮਣ ਦੀ ਹਿੱਕ ਸਾੜ ਕੇ, ਅੱਜ ਛਾਤੀ ਠਾਰੀ।
ਮੇਰੀ ਸਫ਼ਲ ਹੋ ਗਈ ਯਾਤਰਾ, ਲੱਖ ਸ਼ੁਕਰ ਗੁਜ਼ਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ! ਮੈਂ ਖੜ੍ਹਾ ਪੁਕਾਰਾਂ।

ਉਹ ਜ਼ਾਲਮ ਓਡਵਾਇਰ ਜੇ, ਜਿਹਦੀ ਕਥਾ ਨਿਆਰੀ।
ਜੋ ਜਲ੍ਹਿਆਂ ਵਾਲੇ ਬਾਗ਼ ਦਾ, ਸੀ ਅੱਤਿਆਚਾਰੀ।
ਜਿਨ੍ਹ ਭੁੰਨੀ ਤੋਪਾਂ ਡਾਹ ਕੇ, ਖ਼ਲਕਤ ਵੇਚਾਰੀ।
ਜਿਹਦੇ ਸਿਰ ਉੱਤੇ ਥਾਂ ਹੈਟ ਦੀ, ਪਾਪ ਦੀ ਖਾਰੀ।
ਮੈਂ ਸੌਂਹ ਖਾਧੀ ਸੀ ਉਸ ਦਿਨ, ਪਾਪੀ ਨੂੰ ਮਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ! ਮੈਂ ਖੜ੍ਹਾ ਪੁਕਾਰਾਂ।

ਮੈਂ ਹਾਂ ਅਣਖੀਲਾ ਗੱਭਰੂ, ਮੇਰੀ ਗ਼ੈਰਤ ਭਾਰੀ।
ਮੇਰੀ ਛਾਤੀ ਪਰਬਤ ਵਾਂਗਰਾਂ, ਤੇ ਭੁਜਾ ਕਰਾਰੀ।
ਮੈਂ ਭਗਤ ਸਿੰਘ ਦਾ ਦਾਸ ਹਾਂ, ਮੈਨੂੰ ਮੌਤ ਪਿਆਰੀ।
ਮੈਂ ਲੱਗ ਕੇ ਲੇਖੇ ਵਤਨ ਦੇ, ਲੈਣੀ ਸਰਦਾਰੀ।
ਮੇਰੇ ਸੱਜਣ ਘਰ ਘਰ ਬੈਠ ਕੇ, ਗਾਵਣਗੇ ਵਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ! ਮੈਂ ਖੜ੍ਹਾ ਪੁਕਾਰਾਂ।

ਮੈਂ ਮੋੜੀ ਭਾਜੀ ਦੇਸ਼ ਦੀ, ਕਰ ਕੇ ਹੁਸ਼ਿਆਰੀ।
ਇਉਂ ਜਗ ਵਿਚ ਅਣਖੀ ਸੂਰਮੇ, ਲਾਹ ਲੈਂਦੇ ਵਾਰੀ।
ਮੇਰੀ ਰੂਹ ਨੂੰ ਮਾਰ ਨਹੀਂ ਸਕਦੀ, ਕੋਈ ਛੁਰੀ ਕਟਾਰੀ।
ਮੇਰੀ ਮੌਤ 'ਚ ਜੀਵਨ ਕੌਮ ਦਾ, ਮਰਨਾ ਗੁਣਕਾਰੀ।
ਮੈਂ ਸਬਰ ਵਿਖਾ ਕੇ ਗ਼ਜ਼ਬ ਦਾ, ਲੱਖ ਜਬਰ ਸਹਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।

ਮੈਂ ਦੋਸ਼ੀ ਵਤਨ ਪਿਆਰ ਦਾ, ਮੈਨੂੰ ਚੜ੍ਹੀ ਖ਼ੁਮਾਰੀ।
ਮੈਨੂੰ ਵਿਚ ਸ਼ਕੰਜੇ ਕੱਸ ਕੇ, ਸਿਰ ਫੇਰੋ ਆਰੀ।
ਮੇਰਾ ਪੁਰਜਾ ਪੁਰਜਾ ਕੱਟ ਕੇ, ਕਰ ਦਿਓ ਖ਼ੁਆਰੀ।
ਮੇਰਾ ਖ਼ੂਨ ਡੋਲ ਕੇ ਰੰਗ ਦਿਉ, ਇਹ ਧਰਤੀ ਸਾਰੀ।
ਤੇ ਵੇਚੋ ਮੇਰੇ ਮਾਸ ਨੂੰ, ਵਿਚ ਗਲੀ ਬਜ਼ਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।

ਇਉਂ ਆਜ਼ਾਦੀ ਨੂੰ ਵਿਆਹੇਗੀ, ਮੇਰੀ ਰੂਹ ਕੁਆਰੀ।
ਤੇ ਪੱਕੀ ਹੋ ਜਾਊ ਵਤਨ ਨਾਲ, ਮੇਰੀ ਲੱਗੂ ਯਾਰੀ।
ਇਉਂ ਅੰਗਰੇਜ਼ੀ ਸਾਮਰਾਜ ਨੂੰ, ਸੱਟ ਲੱਗੂ ਭਾਰੀ।
ਇਉਂ ਜੋਬਨ ਉੱਤੇ ਆਏਗੀ, ਭਾਰਤ ਫੁਲਵਾੜੀ।
ਮੈਂ ਕਿਉਂ ਨਾ ਆਪਣੇ ਵਤਨ ਦੀ ਤਕਦੀਰ ਸੁਆਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।

ਮੈਂ ਮੁਜਰਮ ਨਹੀਂ ਇਖ਼ਲਾਕ ਦਾ, ਮੈਂ ਵਤਨ ਪੁਜਾਰੀ।
ਮੈਂ ਜੋ ਕੁਝ ਕੀਤਾ ਵਤਨ ਲਈ, ਭਾਰਤ ਹਿੱਤਕਾਰੀ।
ਮੇਰੇ ਹੱਡਾਂ ਦੀ ਸੁਆਹ ਘੱਲਿਓ, ਮੇਰੇ ਵਤਨ ਮਝਾਰੀ।
ਮੈਂ ਜੰਮਣ ਭੋਂ ਨੂੰ ਪਰਸ ਲਾਂ, ਫਿਰ ਅੰਤਮ ਵਾਰੀ।
ਮੇਰੇ ਰੋਮ ਰੋਮ 'ਚੋਂ ਉੱਠੀਆਂ, ਏਹੋ ਲਲਕਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜ੍ਹਾ ਪੁਕਾਰਾਂ।
(ਜੀਵੇ ਦੇਸ਼ ਮਹਾਨ ਵਿਚੋਂ)

**ਪੇਸ਼ਕਸ਼ : ਸੁਰਿੰਦਰ ਮਕਸੂਦਪੁਰੀ**
**ਮੋ. 99887-10234**




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜ਼ੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਧਾਨ** : (ਭਿਖਾਰੀ ਨੂੰ ਸੁਣਨ ਬਾਅਦ) ਹੁਣ ਲੈ ਵੀਹ, ਦਸ ਕੀ ਹੋਏ? ਅਸਾਂ ਕਦੇ ਵੀਹ ਤੋਂ ਘੱਟ ਕਿਸੇ ਨੂੰ ਦਿੱਤੇ ਈ ਨਹੀਂ।

**ਭਿਖਾਰੀ** : ਬਾਦਸ਼ਾਹ ਲੋਕ ਹੋ।

(ਪ੍ਰਧਾਨ ਬਟੂਆ ਬਾਹਰ ਕੱਢਦਾ ਹੈ, ਪੰਜ-ਪੰਜ ਸੌ ਦੇ ਨੋਟਾਂ ਨੂੰ ਬਾਹਰ ਕੱਢਦਾ ਹੈ, ਇਕ ਪਾਸਿਉਂ ਵੀਹ ਦਾ ਨੋਟ ਕੱਢਦਾ ਹੈ)

**ਪ੍ਰਧਾਨ** : ਬੜੀ ਮੁਸ਼ਕਲ ਲੱਭਿਐ ਵੀਹ ਦਾ ਨੋਟ।(ਭਿਖਾਰੀ ਵੱਲ ਕਰਨ ਲੱਗਦਾ ਹੈ ਫਿਰ ਕੁੱਛ ਸੋਚ ਕੇ ਰੁੱਕ ਜਾਂਦਾ ਹੈ)
ਤੇਰੀ ਵੋਟ ਕਿਹੜੇ ਵਾਰਡ ਵਿਚ ?

**ਭਿਖਾਰੀ** : ਤੁਹਾਡੇ ਵਾਰਡ ਵਿਚ.....

**ਪ੍ਰਧਾਨ** : ਮੈਂ ਵਾਰਡ ਦਾ ਨੰਬਰ ਪੁੱਛ ਰਿਹਾਂ?

**ਭਿਖਾਰੀ** : ਵਾਰਡ ਦਾ ਨੰਬਰ ਨਹੀਂ ਪਤਾ.....ਪਰ ਹੈ ਤੁਹਾਡੇ ਵਾਲਾ ਵਾਰਡ।

(ਭਿਖਾਰੀ ਦੀ ਜ਼ਬਾਨ ਥਰਥਰਾਂਦੀ ਹੈ, ਜਿਸ ਕਰਕੇ ਪ੍ਰਧਾਨ ਨੂੰ ਉਸ ਦੇ ਕਹੇ 'ਤੇ ਸ਼ੱਕ ਹੋ ਜਾਂਦਾ ਹੈ)

**ਪ੍ਰਧਾਨ** : ਸੱਚ ਬੋਲ ਦੇ ਜੇ ਵੀਹ ਰੁਪਏ ਚਾਹੀਦੇ ਨੇ.....

**ਭਿਖਾਰੀ** : ਸੱਚੀ ਗੱਲ ਇਹੋ ਵੇ ਹਰ ਵਾਰ ਮੇਰੀ ਵੋਟ ਬਣਾਉਣ ਆਉਂਦੇ ਨੇ, ਬਾਅਦ ਵਿਚ ਵੋਟ ਕੱਟੀ ਜਾਂਦੀ ਏ।

**ਪ੍ਰਧਾਨ** : (ਸੇਵਾਦਾਰ ਨੂੰ) ਵੇਖ, ਆਹ ਬੰਦਾ ਸਾਨੂੰ ਬੁੱਧੂ ਬਣਾ ਰਿਹਾ ਸੀ, ਤੂੰ ਵੀ ਇਹਨੂੰ ਪਛਾਣ ਨਾ ਸਕਿਆ?

**ਸੇਵਾਦਾਰ** : ਮੈਂ ਤਾਂ ਇਹਦੀ ਭੈੜੀ ਜਿਹੀ ਬੂਥੀ 'ਤੇ ਤਰਸ ਖਾ ਬੈਠਾ ਪ੍ਰਧਾਨ ਜੀ, ਨਹੀਂ ਤਾਂ ਮੈਂ ਤਾਂ ਇੱਕੋ ਨਜ਼ਰੇ ਬੰਦੇ ਦੀ ਪੂਰੀ ਪੱਤਰੀ ਕੱਢ ਲਿਆਵਾਂ।
ਭਿਖਾਰੀ ਨੂੰ, ਓ ਸਾਲਿਆ, ਤੂੰ ਸਾਡੀਆਂ ਅੱਖਾਂ 'ਚ ਘੱਟਾ ਲੱਗਾ ਸੀ ਪੌਣ।

**ਪ੍ਰਧਾਨ** : ਕਰ ਦੇ ਫਾਂਡਾ ਥੋੜ੍ਹਾ ਜਿਹਾ।

**ਸੇਵਾਦਾਰ** : (ਭਿਖਾਰੀ ਦੇ ਮੂੰਹ ਤੇ ਥੱਪੜ ਮਾਰਦਾ ਹੈ) ਕਿਉਂ ਆਇਐ ਸਵਾਦ?

**ਭਿਖਾਰੀ** : (ਰੋਂਦਾ ਹੋਇਆ) ਕਿਸੇ ਦਿਨ ਤੈਨੂੰ ਵੀ ਇਵੇਂ ਦਾ ਸਵਾਦ ਆਏਗਾ ਤੇ ਫਿਰ ਮੇਰਾ ਚਿਹਰਾ ਤੈਨੂੰ ਯਾਦ ਆਏਗਾ।

**ਸੇਵਾਦਾਰ** : ਚੁੱਪ ਕਰ ਜਾ ਨਹੀਂ ਤਾਂ.....(ਧੱਕਾ ਮਾਰ ਕੇ ਜ਼ਮੀਨ 'ਤੇ ਸੁੱਟ ਦਿੰਦਾ ਹੈ)

**ਖੋਜੀ** : ਨਹੀਂ ਤਾਂ ਕੁੱਤਾ ਆਪਣੇ ਮਾਲਕ ਦੇ ਹੁਕਮ ਨੂੰ ਖਿੜੇ ਮੱਥੇ ਮੰਨੇਗਾ ਤਾਂ ਲੋਕਾਂ ਨੂੰ ਵੱਢਣ ਵਾਸਤੇ ਦੌੜੇਗਾ, ਮਗਰੋਂ ਭਾਵੇਂ ਆਪ ਈ ਕਿਸੇ ਦਾ ਪੱਥਰ ਵੱਜਣ ਨਾਲ ਅਗਲੀ ਦੁਨੀਆਂ ਵਿਚ ਕੂਚ ਕਰ ਜਾਵੇ।

**ਪ੍ਰਧਾਨ** : ਤੂੰ ਕੌਣ ਏਂ?

**ਖੋਜੀ** : ਇੱਕ ਇਨਸਾਨ।

**ਪ੍ਰਧਾਨ** : ਸਾਡੀ ਗੱਲ ਵਿਚ ਤੇਰਾ ਕੀ ਕੰਮ?

**ਖੋਜੀ** : ਇਨਸਾਨੀਅਤ ਦੇ ਨਾਤੇ ਬੋਲ ਰਿਹਾਂ ਇਸ ਭਲੇ ਲੋਕ ਨੇ ਤੇਰਾ ਕੀ ਵਿਗਾੜਿਐ ਜੋ ਤੂੰ ਇਹਦੇ ਮੂੰਹ 'ਤੇ ਚਪੇੜਾਂ ਲਵਾ ਦਿੱਤੀਆਂ ਨੇ?

**ਪ੍ਰਧਾਨ** : ਇਹ ਧੋਖੇ ਨਾਲ ਸਾਨੂੰ ਲੁੱਟਣਾ ਚਾਹੁੰਦਾ ਸੀ।

**ਖੋਜੀ** : ਇਹ ਲੁੱਟਣਾ ਚਾਹੁੰਦਾ ਸੀ ਇੱਕ ਟਾਈਮ ਦੀ ਰੋਟੀ।ਭੁੱਖ ਨਾਲ ਮਰਦਾ ਨਾ ਹੁੰਦਾ ਤਾਂ ਇਹ ਵੀ ਨਾ ਹੱਥ ਅੱਡਦਾ ਰੋਟੀ ਲਈ।

**ਪ੍ਰਧਾਨ** : ਪਰ ਝੂਠ ਕਿਉਂ ਬੋਲਿਆ ਇਸ?

**(ਚਲਦਾ)**

ਸਿਹਤ ਸੰਭਾਲ

# ਖਾਈਏ ਫਲ ਤਾਂ ਮਿਲਦੈ ਬੱਲ

**ਦਲਜੀਤ ਸਿੰਘ (ਡਾ.)**



ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ An Apple a day, keep the doctor away ਸਿਰਫ ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ ।

ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜ੍ਹੇ-ਤੇੜ੍ਹੇ ਦੇ ਇਲਾਕੇ ਜਾਂ ਆਪਣੀ ਗੁਆਂਡੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜ੍ਹੇ-ਤੇੜ੍ਹੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ ।

ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਇੰਨ੍ਹੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ । ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੌਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

# ਕਾਵਿ-ਕਿਆਰੀ

(ਲਫ਼ਜ਼ਾਂ ਦੀ ਲੋਏ ਲੋਏ)

## ਧਰਮ/ਹਰਬਖ਼ਸ਼ ਸਿੰਘ ਟਾਹਲੀ



ਬਹੁਤੇ ਸਿਆਣੇ ਲੋਕ ਕਰਦੇ ਨਹੀਂ
ਪੈਸੇ ਦੀ ਗੱਲ
ਉਹ ਅਕਸਰ ਹੀ ਕਰਦੇ ਹਨ
ਧਰਮ ਦੀ ਗੱਲ
ਪਰ ਧਰਮ ਵਲ ਨੂੰ ਜਾਂਦੇ ਹਰ ਰਸਤੇ 'ਤੇ
ਜੜਦੇ ਹਨ ਸੰਗਮਰਮਰੀ ਪੱਥਰ
ਅਤੇ ਬਣਾਉਂਦੇ ਹਨ ਬਹੁਮੰਜ਼ਲੀ ਇਮਾਰਤਾਂ
ਪੈਸਾ ਦਾਨ ਵਿਚ ਲੈਂਦੇ ਹਨ
ਤੇ ਬਲੈਕ ਧਨ ਨੂੰ ਕਰਦੇ ਹਨ
ਹਰ ਤਰ੍ਹਾਂ ਦੇ ਪਾਪ ਤੋਂ ਮੁਕਤ
ਧਰਮ ਦੇ ਚਰਨਾ ਵਿਚ ਪਹੁੰਚਿਆ ਪੈਸਾ
ਹੁੰਦਾ ਨਹੀਂ ਕੋਈ ਪਾਪ ਪੁੰਨ
ਬੇਸ਼ੱਕ ਉਹ ਪੈਸਾ ਆਇਆ ਹੋਵੇ
ਕਿਸੇ ਕਤਲ ਕੇਸ ਦੀ ਰਿਸ਼ਵਤ ਵਿਚੋਂ
ਪੈਸੇ ਦੀ ਜੇ ਹੋਵੇ ਨਾ ਰੌਣਕ
ਤਾਂ ਧਰਮ ਦਾ ਪ੍ਰਵਾਹ ਰੁੱਕਦਾ ਹੈ
ਪਰ ਧਰਮ ਤਾਂ ਈਜਾਦ ਕੀਤਾ ਸੀ
ਕੁੱਲੀਆਂ ਵਿਚ ਰਹਿਣ ਵਾਲੇ ਲੋਕਾਂ ਨੇ
ਧਰਮ ਤਾਂ ਈਜਾਦ ਕੀਤਾ ਸੀ
ਪੈਸੇ ਨੂੰ ਅਲਵਿਦਾ ਕਹਿਣ ਵਾਲੇ ਤਿਆਗੀਆਂ ਨੇ
ਧਰਮ ਤਾਂ ਕਦੇ ਪ੍ਰਗਟ ਨਹੀਂ ਹੁੰਦਾ
ਪੈਸੇ ਦੇ ਅੰਬਾਰ ਲਾਈ ਬੈਠੇ ਕਿਸੇ ਸਾਧ ਕੋਲ
ਧਰਮ ਤਾਂ ਪ੍ਰਗਟ ਹੁੰਦਾ ਹੈ
ਕਿਸੇ ਪਿੱਪਲ ਹੇਠਾਂ ਬੈਠੇ ਤਿਆਗੀ ਰਾਜੇ
ਦੀ ਅੰਤਰ ਯਾਤਰਾ ਵਿਚੋਂ
ਧਰਮ ਤਾਂ ਉਪਜਦਾ ਹੈ
ਨਿਰਵਿਕਾਰ ਸਮਾਧੀ ਵਿਚੋਂ
ਧਰਮ ਸੋਨੇ ਦੇ ਸਿੰਘਾਸਣਾਂ ਤੋਂ ਭੱਜਦਾ ਹੈ ਦੂਰ
ਅਤੇ ਇਕੱਲਤਾ ਵਿਚ ਬੈਠੇ ਪ੍ਰੇਮੀ
ਦੀ ਸੇਜ਼ਦਾ ਸ਼ਿੰਗਾਰ ਬਣਦਾ ਹੈ।

*****

## ਕਵਿਤਾ ਦੀ ਗੂੰਜ/ਸੁਰਿੰਦਰ ਮਕਸੂਦਪੁਰੀ

ਪਾ ਦਿਓ ਐ ਕਵੀਓ!
ਕਵਿਤਾ ਨੂੰ ਕੂਕਣ ਦੀ ਆਦਤ
ਲਾ ਦਿਓ ਐ ਕਵੀਓ
ਸ਼ਬਦਾਂ ਦੀ ਨਦੀ ਨੂੰ
ਸ਼ੂਕਣ ਦੀ ਆਦਤ
ਤਾਂ ਕਿ
ਸੁੱਤੇ ਹੋਏ ਪਾਠਕਾਂ ਨੂੰ
ਬਾਗ਼ੀ ਹੋਏ ਰਹਿਬਰਾਂ ਨੂੰ
ਪੈ ਜਾਏ
ਪੜ੍ਹਨ, ਸੁਣਨ ਦੀ ਆਦਤ

ਬਣ ਜਾਣ ਸੁਗਮ ਸੰਗੀਤ
ਵਗਦੀ ਨਦੀ ਦੇ ਪੱਥਰ
ਵਹਿੰਦੇ ਨੀਰਾਂ ਸੰਗ ਝੂਮਣ
ਸੜਦੀਆਂ ਔੜਾਂ ਦੇ ਰੱਕੜ
ਨਦੀ ਦੇ ਨਗ਼ਮੇ 'ਚ ਗੂੰਜਣ
ਗੁਰਮੁਖੀ ਦੇ ਗੁਣਗੁਣਾਉਂਦੇ
ਮਾਂ ਬੋਲੀ ਪੰਜਾਬੀ ਦੇ ਅੱਖਰ

ਇਹ ਅੱਖਰਾਂ ਦਾ ਬੂਟਾ
ਕਿਤੇ ਸੁੱਕ ਨਾ ਜਾਏ
ਇਹ ਸੁਰਗਾਂ ਦਾ ਬੂਟਾ
ਕਿਤੇ ਮੁੱਕ ਨਾ ਜਾਏ
ਲਾਇਓ ਖਾਂ ਇਸ ਬੂਟੇ ਨੂੰ
ਉਸ ਨਦੀ ਦੇ ਕਿਨਾਰੇ
ਵਿਗਸੇਗਾ ਮੌਲੇਗਾ ਪਲ-ਪਲ
ਕੁਦਰਤ ਰਾਣੀ ਦੇ ਸਹਾਰੇ

ਬੜੇ ਉੱਚੇ ਤੇ ਸੁੱਚੇ ਨੇ
'ਮਕਸੂਦਪੁਰੀ' ਇਸ ਦੇ ਦਾਅਵੇ
ਫਿਰ ਗੂੰਜੇਗੀ ਕਵਿਤਾ
ਮੰਡਾਂ, ਬ੍ਰਹਿਮੰਡਾਂ ਨੂੰ
ਲੈ ਕੇ ਕਲਾਵੇ
ਛਾਵੇਗੀ ਸਤਰੰਗੀ
ਅੱਖਰਾਂ ਦੇ ਅੰਬਰੀਂ
ਲੈਂਦੀ ਕਾਵਿ-ਹੁਲਾਰੇ
ਭਰਦੀ ਸਾਹਿਤ ਹੁੰਗਾਰੇ!




-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234

*****

## ਕਵਿਤਾ/ ਹਨ੍ਹੇਰੇ ਕਿਧਰ ਜਾਣ

**ਰਤਨ ਟਾਹਲਵੀ**



ਸੋਚਿਆ ਨਹੀਂ ਸੀ ਕਿ
ਤੁਹਾਡੇ ਘਰਾਂ ’ਚੋਂ ਹੀ
ਉਠਦਾ ਧੂਆਂ
ਇੱਕ ਦਿਨ ਅਗਨ ਵਰਸਾਏਗਾ
ਤੇ
ਸ਼ਹਿਰ ਨੂੰ ਰਾਖ਼ ਕਰ ਦੇਵੇਗਾ।

ਬੀਰੇ, ਗੀਰੇ ਕੀ ਦੱਸਾਂ
ਇਹ ਹੁਨਰ ਦੇ ਘਾੜੇ
ਅਸੀਂ ਸਾਂ
ਪਰ ਇਹ ਹੁਨਰ ਕਿਸ ਕੋਲ ਪਹੁੰਚ ਗਿਆ।
ਕੀ ਹੋ ਗਿਐ ਗੀਰੇ ਤੇ ਬੀਰੇ
ਇਨ੍ਹਾਂ ਵੱਲੋਂ ਧੁਖਾਏ ਧੂੰਏ ’ਚੋਂ
ਬਰਸ ਰਹੀ ਅੱਗ
ਅੱਜ ਸਾਡੇ ਘਰਾਂ ਨੂੰ ਹੀ ਆ ਰਹੀ ਏ।

ਪਰ ਗੀਰਿਆ, ਬੀਰਿਆ
ਅੱਜ ਸਾਡੀ ਲਾਈ ਚੁਆਤੀ ਦਾ ਜਲਵਾ ਵੀ
ਆਪਣੇ ਰੰਗ ਬਿਖੇਰ ਰਿਹਾ ਏ
ਸਾਡੇ ਹੀ ਘਰਾਂ ਵੱਲ ਨੂੰ
ਕੋਈ ਕਹਿਰ ਵਾਪਰਨ ਆ ਰਿਹਾ ਏ।

ਰੋਹ ਦੀਆਂ ਅਗਨ-ਲਪਟਾਂ ਕਰਕੇ
ਹੁਣ
ਸਾਡੇ ਘਰਾਂ ’ਤੇ ਸਦੀਆਂ ਤੋਂ ਛਾਈਆਂ
ਬਦਲੀਆਂ ਦੀ ਖ਼ੈਰ ਨਹੀਂ ਲਗਦੀ।
ਅਸੀਂ ਦੌੜ ਕੇ
ਕਿਧਰ ਨੂੰ ਜਾਈਏ
ਇਨ੍ਹਾਂ ਅਗਨ ਲਪਟਾਂ ਦੇ ਘੇਰੇ ’ਚੋਂ।

ਗੀਰੇ ਬੀਰੇ ਸਾਡੇ ਮਸ਼ੀਨਾਂ ’ਚੋਂ ਬਹੁਮਤ ਲੈ
ਜੁਆਨ ਹੁੰਦੇ ਆਦਰਸ਼
ਲਗਦੈ ਜੁਆਨੀ ਦੀ ਦਹਿਲੀਜ਼ ’ਤੇ ਹੀ ਖਤਮ ਹੋ ਜਾਵਣ।

ਕੋਈ ਰਾਹ ਤਾਂ ਨਹੀਂ ਪਿਆ ਲਭਦਾ
ਇਨ੍ਹਾਂ ’ਚੋਂ ਨਿਕਲਣ ਦਾ।
ਹਨ੍ਹੇਰੇ ’ਚੋਂ ਅੱਜ ਨਿਕਲ ਰਹੀ ਰੌਸ਼ਨੀ
ਸਾਡੀ ਰਿਸ਼ਤੇਦਾਰੀ ਵਿਚੋਂ ਵੀ ਨਹੀਂ ਲੱਗਦੀ
ਘਰਾਂ, ਝੁਗੀਆਂ, ਵਿਹੜਿਆਂ ’ਚੋਂ ਆਈ ਰੋਸ਼ਨੀ ਹੈ ਇਹ।
ਪਰ
ਹਾਏ ! ਸਾਡੇ ਦਿਓਕੱਦ ਹਨੇਰੇ ਕਿਧਰ ਜਾਣ।
ਜਿਸ ’ਤੇ ਕਰਦੇ ਹੁੰਦੇ ਸਾਂ ਕਦੇ ਮਾਣ।

*****

## ਕਵਿਤਾ/ ਕਨੇਡਾ ਦਾ ਸੁਪਨਾ

ਇਕ ਦਿਨ ਗੂੜ੍ਹੀ ਨੀਂਦ ਜਦ ਸੁੱਤਾ,
ਮੈਨੂੰ ਸੁਪਨਾ ਸੀ ਇਕ ਆਇਆ,
ਪਹੁੰਚ ਕਨੇਡਾ ਯਾਰਾਂ ਨੇ ਫਿਰ,
ਇਕ ਟਰਾਲਾ ਖ਼ੁਦ ਦਾ ਪਾਇਆ।

20-20 ਘੰਟੇ ਮਿਹਨਤ ਕਰਕੇ,
ਬਿਜਨਸ ਖ਼ੂਬ ਵਧਾਇਆ,
ਭੇਜ-ਭੇਜ ਪੰਜਾਬ ਮੈਂ ਡਾਲਰ,
ਸ਼ਾਹੂਕਾਰ ਸੀ ਬਾਪੂ ਬਣਾਇਆ।

ਕਈ ਏਕੜ ਸੀ ਜ਼ਮੀਨ ਖਰੀਦੀ,
ਆਲੀਸ਼ਾਨ ਸੀ ਮਹਿਲ ਬਣਾਇਆ,
ਫੋਰਡ-ਸਫ਼ਾਰੀ ਖੜ੍ਹੇ ਵਿਹੜੇ ਕੀਤੇ,
ਬੀਅਰ-ਬਾਰ ਸੀ ਘਰੇ ਬਣਾਇਆ।

ਕਈ ਸਾਲ ਬਾਅਦ ਹੋਇਆ ਪੱਕਾ,
ਫਿਰ ਮੁੜ ਵਤਨੀਂ ਮੈਂ ਆਇਆ,
ਪਰੀਆਂ ਵਰਗੀ ਕੁੜੀ ਇਕ ਲੱਭ ਕੇ,
ਬੈਂਡ-ਬਾਜਾ ਘਰੇ ਵਜਾਇਆ।

ਥੋੜ੍ਹੇ ਦਿਨਾਂ ’ਚ ਕੰਮ ਬਣਾ ਕੇ,
ਸ੍ਰੀਮਤੀ ਨੂੰ ਕਨੇਡਾ ਮੰਗਾਇਆ,
ਪੰਜ ਦਰਿਆਵਾਂ ਦੀ ਰਾਣੀ ਨੂੰ,
ਮਿੱਠੀ ਜੇਲ ਦੀ ਕੈਦਣ ਬਣਾਇਆ।

ਖੁੱਲ੍ਹਾ-ਡੁੱਲ੍ਹਾ ਘਰ ਸੀ ਛੱਡ ਕੇ,
ਉਹਨੂੰ ਖੁੱਡੇ ਜਿਹੇ ਘਰ ਸੀ ਪਾਇਆ,
ਬੱਚੇ ਹੋ ਗਏ ਗ੍ਰਹਿਸਥੀ ਵੱਧ ਗਈ,
ਆਪਣੇ ਪਿੰਡ ਦਾ ਮੋਹ ਘਟਾਇਆ।

ਬੇਬੇ-ਬਾਪੂ ਘਰ ਅਗਲੇ ਤੁਰ ਗਏ,
ਪਿੰਡ ਦੇ ਘਰ ਨੂੰ ਜਿੰਦਰਾ ਲਾਇਆ,
ਰੀਝਾਂ ਨਾਲ ਜੋ ਘਰ ਸੀ ਬਣਾਇਆ,
ਹੁਣ ਉੱਥੇ ਉੱਲੂਆਂ ਡੇਰਾ ਲਾਇਆ।

ਗੇੜੇ ਲੱਗਣੇ ਪਿੰਡ ਦੇ ਹੱਟ ਗਏ,

ਸਭ ਸੀ ਪਿਛਲਾ ਚੇਤਾ ਭੁਲਾਇਆ,
ਭੁੱਲ ਗਏ ਸੀ ਸਭ ਸੱਜਣ-ਬੇਲੀ,
ਭੁੱਲ ਗਿਆ ਸੀ ਚਾਚਾ-ਤਾਇਆ।

ਪਿੰਡ ਦੇ ਪਹੇ ਤੇ ਰਸਤੇ ਭੁੱਲ ਗਏ,
ਭੁੱਲ ਗਿਆ ਹੱਥੀਂ ਜੋ ਤੂਤ ਸੀ ਲਾਇਆ,
ਭੁੱਲ ਗਏ ਸਭ ਸੱਜਣ-ਬੇਲੀ,
ਹੋ ਗਿਆ ਆਪਣਾ ਦੇਸ਼ ਪਰਾਇਆ।

ਬੱਚੇ ਪਿੰਡ ਵੱਲ ਮੂੰਹ ਨਾ ਕਰਦੇ,
ਇਸ ਗੱਲ ਨੇ ਬੜਾ ਦਿਲ ਦੁਖਾਇਆ,
ਭੋਇੰ ਖਰੀਦੀ ਸੀ ਜੋ ਮਹਿੰਗੀ,
ਭਾਅ ਕੌਡੀਆਂ ਵੇਚ ਸੀ ਆਇਆ।

ਵੰਡ ਦਿੱਤਾ ਸਭ ਪੈਸਾ ਬੱਚਿਆਂ ਵਿਚ,
ਹੱਡ ਭੰਨ ਸੀ ਜੋ ਕਦੇ ਕਮਾਇਆ,
ਉਹਦੇ ਨਾਲ ਉਹਨਾਂ ਘਰ ਬਣਾਏ,
ਮੰਜਾ ਮੇਰਾ ਇਕ ਖੂੰਜੇ ਵਿਚ ਡਾਹਿਆ।

ਬੁੱਢੇ ਵਾਰੇ ਕੱਲ੍ਹਾ ਹੋ ਗਿਆ,
ਪਤਨੀ ਦਾ ਵੀ ਉੱਠ ਗਿਆ ਸਾਇਆ,
ਕਿਸੇ ਕੋਲ ਨਾ ਸਮਾਂ ਮੇਰੇ ਲਈ,
ਫ਼ਾਲਤੂ ਮੈਨੂੰ ਚੀਜ਼ ਬਣਾਇਆ।

ਰੋਂਦੇ-ਧੋਂਦੇ ਸਮਾਂ ਬੀਤਿਆ,
ਫਿਰ ਬਿਮਾਰੀਆਂ ਘੇਰਾ ਪਾਇਆ,
ਮੋਢੇ-ਗੋਡੇ ਦੁੱਖਣ ਸੀ ਲੱਗ ਪਏ,
ਆਖ਼ਿਰ ਦਿਲ ਦਾ ਦੌਰਾ ਸੀ ਆਇਆ।

ਪੰਖ-ਪੰਖੇਰੂ ਉੱਡ ਗਏ ਮੇਰੇ,
ਚੁੱਕ ਬੱਚਿਆਂ ਫਰਿੱਜ਼ 'ਚ ਲਾਇਆ,
ਨਾ ਕਿਸੇ ਕੋਈ ਵਿਛਾਈ ਫੂੜੀ,
ਨਾ ਵੈਣ ਕਿਸੇ ਕੋਈ ਪਾਇਆ।

ਅਫ਼ਸੋਸ ਕਰਨ ਨਾ ਕੋਈ ਆਇਆ,
ਨਾ ਇਸ਼ਨਾਨ ਹੀ ਕਿਸੇ ਕਰਾਇਆ,
ਨਾ ਕਿਸੇ ਕਾਹਨੀ ਮੋਢਾ ਦਿੱਤਾ,
ਚੱਕ ਐਂਬੂਲੈਂਸ 'ਚ ਪਾਇਆ।

ਨਾ ਸਾੜਨ ਲਈ ਕਿਸੇ ਬਾਲਣ ਲਿਆਂਦਾ,
ਨਾ ਕਿਸੇ ਚਿਖਾ ਚਿਣਾਇਆ,

ਢਾਹ ਨਾ ਮਾਰੀ ਕਿਸੇ ਵੀ ਪੁੱਤਰ,
ਨਾ ਸਵਾਦ ਹੀ ਮਰਨ ਦਾ ਆਇਆ।

ਸੁੱਟਣ ਲੱਗੇ ਜਦ ਚੁੱਕ ਭੱਠੀ ਵਿਚ,
ਐਨੇ ਨੂੰ ਮਾਂ ਮੇਰੀ ਮੈਨੂੰ ਜਗਾਇਆ,
ਤ੍ਰਭਕ ਕੇ ਉੱਠਿਆ ਡਰ ਨਾਲ ਰੋਇਆ,
ਘੁੱਟ ਮਾਂ ਨੂੰ ਜੱਫ਼ਾ ਪਾਇਆ।

ਜਿੰਦਾ ਦੇਖ ਕੇ ਆਪਣੇ-ਆਪ ਨੂੰ,
ਮੇਰੇ ਸਾਹ ਵਿਚ ਸਾਹ ਸੀ ਆਇਆ,
ਸ਼ੁਕਰ ਕੀਤਾ ਇਹ ਸੁਪਨਾ ਹੀ ਸੀ,
ਲੱਖ-ਲੱਖ ਰੱਬ ਦਾ ਸ਼ੁਕਰ ਮਨਾਇਆ।



ਮੈਂ ਨਹੀਂ ਜਾਣਾ ਕਦੇ ਵਿਦੇਸ਼ੀ,
ਇਹ ਪੱਕਾ ਮਨ ਬਣਾਇਆ,
ਸੁਣ ਲਉ ਸਾਰੇ ਸੁਪਨਾ ਮੇਰਾ,
'ਸੁੱਖੇ' ਕਵਿਤਾ ਰਾਹੀਂ ਸੁਣਾਇਆ।

**ਸੁਖਵਿੰਦਰ ਸਿੰਘ ਘੋਤਰਾ**
**ਇੰਸਪੈਕਟਰ ਸੀ ਬੀ ਆਈ ,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

*****

## ਬੈਂਤ ਛੰਦ/ਆਲਮੀ ਤਪਸ਼

**ਲੇਖਿਕਾ ਪਰਕਾਸ਼ ਕੌਰ ਪਾਸ਼ਾ**



ਤਪਸ਼ ਆਲਮੀ ਦਿਨੋ ਦਿਨ ਵਧੀ ਜਾਵੇ,
ਮਾਹ ਮਈ 'ਚ ਹੀ ਚਿੱਤ ਘਬਰਾਉਣ ਲੱਗੇ।

ਰੁੱਖ ਵੱਢਦਿਆਂ ਜ਼ਰਾ ਵੀ ਸੋਚਿਆ ਨਾ,
ਏਸੇ ਲਈ ਸਜ਼ਾ ਹੁਣ ਪਾਉਣ ਲੱਗੇ।

ਛਾਂ ਰੁੱਖ ਦੀ ਠੰਡੀ ਨਾ ਮਿਲੇ ਕਿਧਰੇ,
ਜਣੇ ਖਣੇ ਹੁਣ ਏ.ਸੀ. ਚਲਾਉਣ ਲੱਗੇ।

ਰੁੱਖ ਵੱਢ ਕੇ ਦੁੱਗਣੇ ਹੋਰ ਲਾਵੋ,
ਨਤੀਜੇ ਸੋਚੋ ਰੁੱਖ ਘਟਾਉਣ ਲੱਗੇ।

ਦੂਰ ਦੁਰਾਡੇ ਤੱਕ ਜੰਗਲ ਦਿਸਦੇ ਨਾ,
ਥੋੜ੍ਹੇ ਮੀਂਹ 'ਤੇ ਵੀ ਹੜ ਸਤਾਉਣ ਲੱਗੇ।

ਨਿੰਬੂ ਰੁੱਖ ਜੇ ਵਿਹੜੇ ਲਾਏ ਹੁੰਦੇ।
ਖੁਸ਼ ਹੁੰਦੇ, ਪੀਣ ’ਤੇ ਪਿਆਉਣ ਲੱਗੇ।

ਰੁੱਖ ਵੱਢਦਿਆਂ, ਹੋਏ ਅਲੋਪ ਪੰਛੀ,
ਬਿਨਾਂ ਸੋਚਿਆਂ, ਆਲ੍ਹਣੇ ਢਾਉਣ ਲੱਗੇ।

ਵੱਧ ਮਨੁੱਖ ਤੋਂ ਕਲਾਕਾਰ ਪੰਛੀ,
ਆਲ੍ਹਣੇ ਬਣਾ ਨਿਕੰਮੇ ਬਣਾਉਣ ਲੱਗੇ।

ਨਾਲ ਕੁਦਰਤ ਅਸੀਂ ਖਲਵਾੜ ਕਰਕੇ,
ਸਾਰਾ ਕੁਦਰਤੀ ਸੁੱਖ ਗਵਾਉਣ ਲੱਗੇ।

ਤਪਸ਼ ਨਾਲ ਗਲੇਸ਼ੀਅਰ ਖੁਰਨ ਲੱਗੇ,
ਸਮੁੰਦਰ ਤਲ ਹੋਰ ਉੱਤੇ, ਆਉਣ ਲੱਗੇ।

ਗ੍ਰੀਨ ਹਾਊਸ ਗੈਸਾਂ ਵਧੀ ਨਿਤ ਜਾਵਣ,
ਕਾਰਖਾਨੇ ਪ੍ਰਦੂਸ਼ਣ ਫੈਲਾਉਣ ਲੱਗੇ।

‘ਪਾਸ਼ਾਂ’ ਜੀਵ ਮਨੁੱਖ ਤੇ ਪਸ਼ੂ ਪੰਛੀ,
ਨਾਲ ਆਲਮੀ ਤਪਸ਼ ਕੁਰਲਾਉਣ ਲੱਗੇ।

**ਸਤਿਕਾਰ ਸਹਿਤ ਸਮਝਾਂ ਤੇ ਰਮਜਾਂ ’ਚੋਂ**

*****

● ● ●

# ਸ਼ਬਦਾਂ ਦੇ ਸੰਜੋਗ

## ਵਾਰੀ

ਜਦੋਂ ਤੂੰ ਮਨੁੱਖ ਦੀ ਜੂਨ ਵਿਚ ਸੈਂ
ਮੈਂ ਬੱਕਰੇ ਦੀ ਜੂਨ ਵਿਚ ਸਾਂ
ਤੂੰ ਮੈਨੂੰ ਆਪਣੀ ਭੁੱਖ ਲਈ ਮਾਰ ਮੁਕਾਇਆ
ਭੋਜਨ ਦਾ ਇਕ ਹਿੱਸਾ ਬਣਾ ਕੇ ਖਾ ਲਿਆ।
ਫਿਰ ਮੈਂ ਸੋਚਿਆ ਪੰਛੀ ਦਾ ਜਨਮ ਹੰਢਾਵਾਂਗਾ
ਮੈਂ ਪੰਛੀ ਹੋ ਗਿਆ ਤੂੰ ਫਿਰ ਓਹੀਓ ਮਨੁੱਖ ਸੈਂ
ਤੂੰ ਮੈਨੂੰ ਆਕਾਸ਼ੀ ਉਡਦਿਆਂ ਨੂੰ ਗੋਲੀ ਮਾਰ ਲਈ
ਅਤੇ ਆਪਣੇ ਭੋਜਨ ਦਾ ਇਕ ਹਿੱਸਾ ਬਣਾ ਲਿਆ।
ਫਿਰ ਮੈਂ ਸੋਚਿਆ ਨਾ ਧਰਤੀ ਨਾ ਅਕਾਸ਼ੀਂ
ਹੁਣ ਸਮੁੰਦਰ ਵਿਚ ਜਨਮ ਧਾਰਾਂਗਾ।
ਮੈਂ ਮੱਛਲੀ ਬਣ ਗਿਆ, ਡੂੰਘੇ ਪਾਣੀਆਂ ਵਿਚ ਛੁਪ ਗਿਆ।
ਪਰ ਤੂੰ ਮੈਨੂੰ ਉਥੇ ਵੀ ਜਾਲ ਵਿਚ ਫਸਾ ਲਿਆ।
ਮੈਨੂੰ ਫਿਰ ਧਰਤੀ ਉੱਤੇ ਲੈ ਆਂਦਾ
ਅਤੇ ਆਪਣੇ ਭੋਜਨ ਦਾ ਇਕ ਹਿੱਸਾ ਬਣਾ ਲਿਆ।
ਨਾ ਧਰਤੀ ਨਾ ਅਕਾਸ਼ ਤੇ ਨਾ ਸਮੁੰਦਰ ਵਿਚ ਹੀ
ਤੂੰ ਮੈਨੂੰ ਕਿਤੇ ਵੀ ਜੀਣ ਨਹੀਂ ਦਿੱਤਾ।
ਤੇਰੀ ਵੀ ਆਰਜ਼ੂ ਖਤਮ ਹੋ ਜਾਣੀ ਐ
ਤੂੰ ਸਦਾ ਮਨੁੱਖ ਨਹੀਂ ਬਣਿਆ ਰਹਿਣਾ
ਤੂੰ ਮੇਰਾ ਕਾਲ ਬਣਦਾ ਰਿਹਾ ਏਂ ਤੇਰਾ ਕਾਲ ਵੀ
ਤੇਰੇ ਸਿਰ ਉੱਤੇ ਹੈ ਫਿਰ ਭੱਜ ਲਈ ਜਿੱਥੇ ਮਰਜ਼ੀ।

● ● ●

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ



# MATRIMONIAL



SEEKING HANDSOME (MUST BE GRADUATED IN MBBS DEGREE) MATCH FOR BEAUTIFUL SIKH LOBANA GIRL, BORN 1999, HEIGHT 5’6”. COMPLETED MBBS IN 2023. FATHER/MOTHER DOING GOVT. JOB. BROTHER IS A DOCTOR. CONTACT: 7986476707

* * * * *

LOOKING MATCH FOR LOBANA BOYDOB27THNOV 1995(28YRS), HEIGHT 5’9", B.TECH. FROM IIT- ROORKEE-GOLD MEDALLIST. CANADIAN CITIZEN- WORKING IN SEATTLEUSA MONGO-DB COMP. ON WORK VISA.CONTACT NO.KAMALJIT SINGH-9872089150

* * * * *

SEEKING MATCH FOR LOBANA GIRL 08.01.1999 BORN, HEIGHT 5’6”, STUDY B.SC (UNIVERSITY TOPPER) 2016-2019 M.SC CHEMISTRY (GOLD MEDALIST)- 2019-2021 FROM KURUKSHETRA UNIVERSITY, CSIR-NET + JRF – AIR-47, GATE QUALIFIED PH.D COMPUTATIONAL AND THEORETICAL CHEMISTRY -2022 PRESENT PURSUING FROM PUCHD, FAMILY – FATHER RETIRED TEACHER, MOTHER GOVT. TEACHER, YOUNG BROTHER IN 12TH CLASS. CONTACT – 98961-81978

* * * * *

SEEKING FAMILY GIRL FOR 5’5” KARTARPUR, JALANDHAR BOY, QUALIFICATION GRADUATE AND PURSUING M.A., PRESENTLY GRANTHI SINGH IN CHANDIGARH-SGPC, AMRITSAR, PRESENTLY TEMPORARILY LIVING IN CHANDIGARH. FAMILY – FATHER TEACHER, MOTHER-CLERK IN SGPC DARBAR SAHIB AMRITSAR. FOR MORE DETAILS CONTACT – 977988-88166

* * * * *

LOOKING FOR PROFESSIONALLY QUALIFIED, PREFERABLY AMRITDHARI GIRL FOR GURSIKH- AMRITDHARI LUBANA BOY, DOB-23.08.1993(29 YRS) HEIGHT –6’6”, QULIFICATIONS – B.TECH (COMPUTER SCIENCE) GRADUATE DIPLOMA IN APPLIED MANAGEMENT WELL EDUCATED, PROFESSION – WORKING AS DATA REPORTINGANALYST WITH AUCKLAND DISTRICT HEALTHBOARD, AUCKLAND-NEW ZEALAND, ANNUAL PACKAGE -NZ$1..03 LACS (RS.50 LACS). FAMILY – FATHER BANK MANAGER, MOTHER HOMEMAKER AND YOUNGER BROTHER UNMARRIED – WORKING ABROAD IN MNC, OWN HOUSE IN DELHI. CASTE NO BAR, FOR MORE DETAILS PLS CONTACT - 98710-96789

* * * * *

SUFANPREET KAUR, FATHER’S NAME: LAKHVIR SINGH, OCCUPATION: FINANCIER (OWN PRIVATE BUSINESS) MOTHER: HOUSEWIFE, DOB- 2 JULY 1999 (ITALY), RELIGION-SIKH, SIBLINGS: YOUNGER BROTHER (PURSUING DEGREE), SCHOOLING - MGN PUBLIC SCHOOL UE-2, QUALIFICATIONS- B.TECH CSE (GURU NANAK DEV UNIVERSITY, LADHEWALI), *PURSUING M.TECH (CT INSTITUTE) 2NDYEAR, HEIGHT: 5’6 (FAIR COMPLEXION). CONTACT : 98881-96682

* * * * *

LUBANA SIKH BOY ....DEC’92, 5.11 FT BE MBA SR. MANAGER IN GURUGRAM BASED CO @ DELHI NCR REQUIRED..MCA B.TECH, M.TECH, MBA... QUALIFIED GIRL, CASTE NO BAR. CONT .. 9417145424.....8360907886

* * * * *

# ਮਈ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਬੀਬੀ ਸ਼ਵਿੰਦਰ ਕੌਰ,<br>ਸੁਪਤਨੀ ਗ. ਕੈਪਟਨ ਰਘਬੀਰ ਸਿੰਘ (ਰਿਟਾ.), ਕੇ-14, ਜਲਵਾਯੂ ਵਿਹਾਰ, ਪੋਵਾਈ, ਮੁੰਬਈ। (ਆਨਲਾਈਨ ਪ੍ਰਾਪਤ ਕੀਤੇ) | 254 | 5000/- | 30.04.2024 |
| 2. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 252 | 500/- | 13.04.2024 |
| 3. | ਸ: ਮਨਜੀਤ ਸਿੰਘ ਸਪੁੱਤਰ ਸ: ਗੁਰਦਿੱਤ ਸਿੰਘ<br>ਪਿੰਡ ਨੰਗਲੀ, ਜਲਾਲਪੁਰ, ਹੁਸ਼ਿਆਰਪੁਰ। | 253 | 1500/- | 03.05.2024 |
| 4. | ਸ: ਗੁਲਸ਼ਨ ਕੁਮਾਰ ਸਿੰਘ, ਲੈਕਚਰਾਰ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 255 | 200/- | 14.05.2024 |
| 5. | ਕਰਨਲ ਗੁਰਦੀਪ ਸਿੰਘ,<br>ਵਾਇਸ ਪ੍ਰਧਾਨ (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | 256 | 500/- | 14.04.2024 |
| 6. | ਸ: ਸੁੱਖਪਾਲ ਸਿੰਘ<br>ਸਪੁੱਤਰ ਸ: ਨਿਰਮਲ ਸਿੰਘ ਮੈਂਟੀਨੈਂਸ ਸਕੱਤਰ, ਮ.ਨੰ: 2354, ਫ਼ੇਸ-10, ਮੋਹਾਲੀ | 257 | 200/- | 14.05.2024 |
| 7. | ਪੰਡਿਤ ਰਾਮ ਕੁਮਾਰ,<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 258 | 500/- | 14.05.2024 |
| 8. | ਸ: ਰਵਿੰਦਰ ਸਿੰਘ,<br>ਮ. ਨੰ: 2092, ਸੈਕਟਰ-45ਸੀ, ਚੰਡੀਗੜ੍ਹ। | 259 | 200/- | 14.05.2024 |
| 9. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 260 | 200/- | 14.05.2024 |
| 10. | ਸ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.),<br>ਵਾਈ-204, ਫ਼ਾਲਕਨ ਵਿਉ. ਸੈਕਟਰ 61-ਏ, ਮੋਹਾਲੀ। | 261 | 500/- | 14.05.2024 |
| 11. | ਸ: ਐਚ.ਐਸ. ਘੋਤੜਾ<br>ਮ. ਨੰ: 11, ਸੰਗਮ ਇਨਕਲੇਵ, ਸੈਕਟਰ 48-ਏ, ਚੰਡੀਗੜ੍ਹ। | 262 | 200/- | 14.05.2024 |
| 12. | ਸ: ਸੁਰਿੰਦਰ ਸਿੰਘ<br>ਮ. ਨੰ: 3040, ਸੈਕਟਰ 47-ਡੀ, ਚੰਡੀਗੜ੍ਹ। | 263 | 200/- | 14.05.2024 |
| 13. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ 37-ਸੀ, ਚੰਡੀਗੜ੍ਹ। | 264 | 200/- | 14.05.2024 |
| 14. | ਬੀਬੀ ਹਰਜਿੰਦਰ ਕੌਰ, ਕਪੂਰਥਲਾ। | 265 | 1100/- | 21.05.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਮਿਤੀ 14-05-2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਜੇਠ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ





**ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ ਜਲੰਧਰ ਵੱਲੋਂ 66 ਫੁਟੀ ਰੋਡ ਵਿਖੇ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਕੰਪਲੈਕਸ ਵਿਖੇ ਡਿਸਪੈਂਸਰੀ ਖੋਲ੍ਹੀ ਗਈ, ਜਿਸ ਦਾ ਉਦਘਾਟਨ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ ਬਮਸ਼ਲ ਫਾਉਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਮੂਹ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿਚ ਕੀਤਾ ਗਿਆ। ਸੁਸਾਇਟੀ ਵੱਲੋਂ ਚੈਰੀਟੇਬਲ ਡਿਸਪੈਂਸਰੀ ਚਲਾਉਣਾ ਬਹੁਤ ਹੀ ਸ਼ਲਾਘਾਯੋਗ ਉੱਦਮ ਹੈ ਜਿਸ ਨਾਲ ਇਲਾਕੇ ਦੇ ਲੋੜਵੰਦ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਉਪਲਬਧ ਹੋਵੇਗੀ।**









Postal No. - Jallandhar Vide No. L-4/PB/JL-0196/2024-2026

# ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ।



ਡੇਰਾ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਪਿੰਡ ਮਕਸੂਦਪੁਰ, ਜ਼ਿਲ੍ਹਾ ਕਪੂਰਥਲਾ ਦੇ ਪੰਜਵੇਂ ਗੱਦੀਨਸ਼ੀਨ, ਨਾਮ ਬਾਣੀ ਦੇ ਰਸੀਏ, ਅਧਿਆਤਮਕਤਾ ਦੀ ਸਿਖ਼ਰ, ਵਿਦਿਅਕ ਦਾਨੀ ਅਤੇ ਸਿੱਖ ਪੰਥ ਦੀ ਸਿਰਮੌਰ ਸਖ਼ਸ਼ੀਅਤ ਸੰਤ ਰੋਸ਼ਨ ਸਿੰਘ ਜੀ ਮਸਕੀਨ ਮਿਤੀ 30-05-2024 (ਉਮਰ 91 ਸਾਲ) ਨੂੰ ਇਸ ਹਯਾਤੀ ਤੋਂ ਸਦਾ ਲਈ ਕੂਚ ਕਰ ਗਏ। ਸੰਤ ਰੋਸ਼ਨ ਸਿੰਘ ਜੀ ਦੀ ਲੁਬਾਣਾ ਭਾਈਚਾਰੇ ਦੀ ਸਿਰਮੌਰ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪਹਿਲੇ ਪ੍ਰਧਾਨ 1976 ਤੋਂ 1983 ਤਕਰੀਬਨ ਸੱਤ ਸਾਲ ਰਹੇ ਸਨ। ਇਨ੍ਹਾਂ ਮਹਾਂਪੁਰਸ਼ ਦੀ ਵਿਦਾਇਗੀ ਸਮੇਂ ਇਲਾਕੇ ਦੀਆਂ ਸਮੂਹ ਸੰਗਤਾਂ ਅਤੇ ਵਿਸ਼ੇਸ਼ ਕਰਕੇ ਫਾਊਂਡੇਸ਼ਨ ਲਈ ਬਹੁਤ ਹੀ ਦੁਖਦਾਇਕ ਪਲ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਅਤੇ ਮੈਂਬਰਾਨ ਸੰਤ ਰੋਸ਼ਨ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ।